# NEEDY AND MERITORIOUS STUDENTS RECEIVED SCHOLARSHIPS FROM SARBAT DA BHALA CHARITABLE

CHANDIGARH Tribune
CHANDIGARH | THURSDAY | 3 NOVEMBER 2016

# Cheques given to 57 meritorious students

TRIBUNE NEWS SERVICE

PATIALA, NOVEMBER 2
Multani Mal Modi College organised a function where Sarbat Da Bhala Charitable Trust Managing Trustee Dr SP Singh Oberoi handed over scholarship cheque for Rs 5,59,945 to 57 students selected by the trust.

Dr Oberoi said the trust was committed to help needy and bright students and ensure that no such student should be deprived of the opportunity to be educated.

Principal Dr Khushvinder Kumar welcomed the chief guest, Dr SP Singh Oberoi, and other dignitaries. He lauded the monetary contribution of the trust and hoped that this noble act would transform the lives of many young boys and girls who otherwise would not have continued their education.



Managing trustee of the Sarbat Da Bhala Charitable Trust SP Singh Oberoi at MM Modi College in Patiala. A TRIBUNE PHOTOGRAPH

Director (Education) of the trust ML Hasija informed about the activities of the trust in the field of education and social welfare in Punjab and other parts of the country. He said Dr Oberoi was spending 95 per cent of his income for charitable activities.

Prof VP Sharma, Dean Students Welfare, said the trust had given over Rs 15 lakh scholarships in last three years, to the needy and meritorious students.

Prof Nirmal Singh thanked the trust for this noble gesture and urged the students to imbibe the qualities of Dr Oberoi to work hard, rise in life and share the fruits of the success with the underprivileged sections of the society.

Gagandeep Singh Ahuja, Secretary, North Zone of the trust, was present on the occasion. Principal Dr. Khushvinder Kumar presented the mementos to the dignitaries.

ਰੋਜ਼ਾਨਾ ਸਪੋਕਸਮੈਨ

# ਮੁਲਮਾਨੀ ਮੱਲ ਮੋਦੀ ਕਾਲਜ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਵੰਡੇ



ਪਟਿਆਲਾ, 2 ਨਵੰਬਰ (ਹਰਦੀਪ ਸਿੰਘ): ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਇਕ ਵਿਸੇ ਸਮਾਗਮ ਵਿਚ ਸਰਬਤ ਦਾ ਭਲਾ ਚੈਰੀਟੇਬਲ ਟ੍ਰਸਟ ਦੇ ਮੈਨੇਜਿੰਗ ਟ੍ਰਸਟੀ ਡਾ. ਐਸ.ਪੀ.ਸਿੰਘ ਓਬਰਾਏ ਨੇ ਕਾਲਜ ਦੇ 57 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 59 ਹਜ਼ਾਰ 945 ਰੁਪਏ ਦੀ ਰਕਮ ਦੇ ਵਜ਼ੀਫ਼ੇ ਦਿੱਤੇ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਸਵਾਗਤ ਕੀਤਾ।

ਇਸ ਮੌਕੇ ਟਰੱਸਟ ਦੇ ਨਿਰਦੇਸ਼ਕ (ਸਿੱਖਿਆ) ਮਦਨ ਲਾਲ ਹਸੀਜਾ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ, ਡੀਨ ਵਿਦਿਆਰਥੀ ਭਲਾਈ, ਨੌਰਥ ਜ਼ੋਨ ਦੇ ਸਕੱਤਰ ਗਗਨਦੀਪ ਸਿੰਘ ਆਹੂਜਾ ਵੀ ਹਾਜ਼ਰ ਸਨ। ਪ੍ਰੋ. ਨਿਰਮਲ ਸਿੰਘ ਨੇ ਇਸ ਭਲਾਈ ਦੇ ਕੰਮ ਲਈ ਧਨਵਾਦ ਕੀਤਾ। ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਡਾ. ਜ਼ਬਰਜੰਗ ਸਿੰਘ ਦੀ ਅਗਵਾਈ ਵਿਚ ਸਰਸਵਤੀ ਵੰਦਨਾ ਤੇ ਸ਼ਬਦ ਗਾਇਨ ਪ੍ਰਸਤੁਤ ਕੀਤਾ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ, ਪ੍ਰੋ. ਹਰਮੋਹਨ ਸ਼ਰਮਾ ਤੇ ਪ੍ਰੋ. ਗਣੇਸ਼ ਸੇਠੀ ਵੀ ਹਾਜ਼ਰ ਸਨ।

THURSDAY, NOVEMBER 03, 2016
www.hindustantimes.com

best advocate and Gurleen Sharma as best file maker. HTC

## Modi College students receive scholarships

PATIALA: Multani Mal Modi College, Patiala awarded scholarships to 57 students at an event. The scholarships amounting to ₹5,59,945 were financed by Sarbat Da Bhala Charitable Trust. Dr SP Singh Oberoi, managing trustee of the trust, said, "The trust is committed to help needy and meritorious students so that they are not deprived education for want of financial resources." Principal Khushvinder Kumar appreciated the philanthropic gesture of the trust and said he hopes that the scholarships will be of vital help for the students. HTC

ਪੰਜਾਬੀ ਟ੍ਰਿਬਿਊਨ, ਵੀਰਵਾਰ, 3 ਨਵੰਬਰ 2016

# ਮੋਦੀ ਕਾਲਜ ਦੇ ਵਿਦਿਆਰਥੀਆਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਨੇ ਵਜ਼ੀਫ਼ੇ ਵੰਡੇ

**57 ਵਿਦਿਆਰਥੀਆਂ ਨੂੰ ਦਿੱਤੀ ਸਾਢੇ ਪੰਜ ਲੱਖ ਰੁਪਏ ਤੋਂ ਵੱਧ ਦੀ ਸਹਾਇਤਾ**

**ਨਿੱਜੀ ਪੱਤਰ ਪ੍ਰੇਰਕ**
**ਪਟਿਆਲਾ, 2 ਨਵੰਬਰ**

ਇਥੋਂ ਦੇ ਮੁਲਤਾਨੀ ਮੱਲ ਮੋਦੀ ਕਾਲਜ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰਸੱਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ.ਸਿੰਘ ਓਬਰਾਏ ਨੇ ਕਾਲਜ ਦੇ 57 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 59 ਹਜ਼ਾਰ 945 ਰੁਪਏ ਦੀ ਰਕਮ ਦੇ ਵਜ਼ੀਫ਼ੇ ਦਿੱਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਟਰਸਟ ਚਾਹੁੰਦਾ ਹੈ ਕਿ ਕੋਈ ਵੀ ਪ੍ਰਤਿਭਾਸ਼ਾਲੀ ਵਿਦਿਆਰਥੀ ਮਾਲੀ ਸਾਧਨਾਂ ਦੀ ਘਾਟ ਕਰਕੇ ਉਚੇਰੀ ਸਿੱਖਿਆ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।

ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਬੱਤ ਦਾ ਭਲਾ ਟਰਸਟ ਦੇ ਯੋਗਦਾਨ ਨਾਲ ਅਨੇਕਾਂ ਵਿਦਿਆਰਥੀ ਪੜ੍ਹਾਈ ਮੁਕੰਮਲ ਕਰ ਰਹੇ ਹਨ ਜੋ ਆਰਥਕ ਪੱਖੋਂ ਬਹੁਤ ਕਮਜ਼ੋਰ ਹਨ।

ਟਰਸਟ ਦੇ ਨਿਰਦੇਸ਼ਕ (ਸਿੱਖਿਆ) ਮਦਨ ਲਾਲ ਹਸੀਜਾ ਨੇ ਟਰਸਟ ਦੇ ਸਮਾਜ ਭਲਾਈ ਨਾਲ ਸਬੰਧਤ ਕੰਮਾਂ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਡਾ. ਓਬਰਾਏ ਆਪਣੀ ਕਮਾਈ ਦਾ 95 ਫ਼ੀਸਦੀ ਹਿੱਸਾ ਸਮਾਜ ਦੇ ਗਰੀਬ ਤਬਕਿਆਂ ਲਈ ਖਰਚ ਕਰਦੇ ਹਨ। ਵੇਦ ਪ੍ਰਕਾਸ਼ ਸ਼ਰਮਾ, ਡੀਨ ਵਿਦਿਆਰਥੀ ਭਲਾਈ ਨੇ ਮੰਚ ਸੰਚਾਲਨ ਦਾ ਫਰਜ਼ ਬਾਖ਼ੂਬੀ ਨਿਭਾਇਆ ਅਤੇ ਇਹ ਵੀ ਦੱਸਿਆ ਕਿ ਟਰਸਟ ਨੇ ਪਿਛਲੇ ਤਿੰਨ ਸਾਲਾਂ ਵਿੱਚ ਵਿਦਿਆਰਥੀਆਂ ਨੂੰ 15 ਲੱਖ ਰੁਪਏ ਦੇ ਵਜ਼ੀਫ਼ੇ ਦਿੱਤੇ ਹਨ। ਇਸ ਮੌਕੇ ਟਰਸਟ ਦੇ ਨਾਰਥ ਜ਼ੋਨ ਦੇ ਸਕੱਤਰ ਗਗਨਦੀਪ ਸਿੰਘ ਅਹੂਜਾ ਵੀ ਹਾਜ਼ਰ ਸਨ।




ਸਰਬੱਤ ਦਾ ਭਲਾ ਚੈਰੀਟੇਬਲ ਦੇ ਮੈਨੇਜਿੰਗ ਟਰਸਟੀ ਡਾ. ਐਸਪੀ ਸਿੰਘ ਓਬਰਾਏ ਕਾਲਜ ਪ੍ਰਿੰਸੀਪਲ ਨੂੰ ਵਜ਼ੀਫੇ ਦਾ ਚੈੱਕ ਸੌਂਦੇ ਹੋਏ। -ਫੋਟੋ: ਭਿੰਡਰ

ਪ੍ਰੋਫੈਸਰ ਨਿਰਮਲ ਸਿੰਘ ਨੇ ਇਸ ਭਲਾਈ ਦੇ ਕੰਮ ਲਈ ਟਰਸਟ ਦਾ ਧੰਨਵਾਦ ਕੀਤਾ। ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਡਾ. ਜਬਰਜੰਗ ਸਿੰਘ ਦੀ ਅਗਵਾਈ ਵਿੱਚ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਪ੍ਰਸਤੁਤ ਕੀਤਾ ਗਿਆ। ਕਾਲਜ ਪ੍ਰਬੰਧਕਾਂ ਵੱਲੋਂ ਸਰਬਤ ਦਾ ਭਲਾ ਟਰਸਟ ਦੇ ਅਹੁਦੇਦਾਰਾਂ ਨੂੰ ਯਾਦ-ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਲਜਿੰਦਰ ਕੌਰ, ਹਰਮੋਹਨ ਸ਼ਰਮਾ ਅਤੇ ਗਣੇਸ਼ ਸੇਠੀ ਵੀ ਹਾਜ਼ਰ ਸਨ।

ਪੰਜਾਬੀ ਜਾਗਰਣ

## ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਲਈ ਟਰੱਸਟ ਵਚਨਬੱਧ : ਡਾ. ਓਬਰਾਏ

# ਸਰਬੱਤ ਦਾ ਭਲਾ ਟਰੱਸਟ ਨੇ ਵੰਡੇ ਵਜ਼ੀਫ਼ੇ

**ਸਮਾਜ ਭਲਾਈ**

- **57 ਵਿਦਿਆਰਥੀਆਂ ਨੂੰ 5 ਲੱਖ ਤੋਂ ਵੱਧ ਦੇ ਵਜ਼ੀਫੇ**



ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਮੌਕੇ ਡਾ. ਐੱਸਪੀ ਸਿੰਘ ਓਬਰਾਏ, ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ ਸਟਾਫ।

**ਪੱਤਰ ਪ੍ਰੇਰਕ, ਪਟਿਆਲਾ** : ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟ੍ਰਸਟੀ ਡਾ. ਐੱਸ.ਪੀ.ਸਿੰਘ ਓਬਰਾਏ ਵਲੋਂ ਮੁਲਤਾਨੀ ਮੱਲ ਮੋਦੀ ਕਾਲਜ ਦੇ 57 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 59 ਹਜ਼ਾਰ 945 ਰੁਪਏ ਦੇ ਵਜ਼ੀਫ਼ੇ ਦਿੱਤੇ। ਇਸ ਮੌਕੇ ਡਾ. ਓਬਰਾਏ ਨੇ ਕਿਹਾ ਕਿ ਇਹ ਟਰੱਸਟ ਹਮੇਸ਼ਾ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਦੇਣ ਲਈ ਪ੍ਰਤੀਬੱਧ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਡਾ. ਐਸ.ਪੀ.ਸਿੰਘ ਓਬਰਾਏ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਬਤ ਦਾ ਭਲਾ ਟਰੱਸਟ ਦੇ ਯੋਗਦਾਨ ਨਾਲ ਅਨੇਕਾ ਅਜਿਹੇ ਵਿਦਿਆਰਥੀ ਪੜ੍ਹਾਈ ਮੁਕੰਮਲ ਕਰ ਰਹੇ ਹਨ ਜੋ ਆਰਥਕ ਪੱਖੋਂ ਬਹੁਤ ਕਮਜ਼ੋਰ ਹਨ। ਟਰੱਸਟ ਦੀ ਸਹਾਇਤਾ ਤੋਂ ਬਿਨਾਂ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਸੀ ਮਿਲਣਾ। ਟਰੱਸਟ ਦੇ ਨਿਰਦੇਸ਼ਕ (ਸਿੱਖਿਆ) ਮਦਨ ਲਾਲ ਹਸੀਜਾ ਨੇ ਸਰਬਤ ਦਾ ਭਲਾ ਟਰੱਸਟ ਦੇ ਸਮਾਜ ਭਲਾਈ ਨਾਲ ਸਬੰਧਤ ਕੰਮਾਂ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਡਾ. ਓਬਰਾਏ ਆਪਣੀ ਕਮਾਈ ਦਾ 95 ਫ਼ੀਸਦੀ ਹਿੱਸਾ ਸਮਾਜ ਦੇ ਗਰੀਬ ਤਬਕਿਆਂ ਲਈ ਖ਼ਰਚ ਕਰਦੇ ਹਨ।

ਕਾਲਜ ਡੀਨ ਵਿਦਿਆਰਥੀ ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਨੇ ਮੰਚ ਸੰਚਾਲਨ ਦਾ ਫਰਜ਼ ਬਾਖ਼ੂਬੀ ਨਿਭਾਇਆ ਅਤੇ ਇਹ ਵੀ ਦੱਸਿਆ ਕਿ ਟਰੱਸਟ ਨੇ ਪਿਛਲੇ ਤਿੰਨ ਸਾਲਾਂ ਵਿਚ ਵਿਦਿਆਰਥੀਆਂ ਨੂੰ ਲਗਭਗ 15 ਲੱਖ ਰੁਪਏ ਦੇ ਵਜ਼ੀਫ਼ੇ ਦਿੱਤੇ ਹਨ।

ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਡਾ. ਜਬਰਜੰਗ ਸਿੰਘ ਦੀ ਅਗਵਾਈ ਵਿਚ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਪੇਸ਼ ਕੀਤਾ ਗਿਆ। ਕਾਲਜ ਪ੍ਰਬੰਧਕਾਂ ਵੱਲੋਂ ਸਰਬਤ ਦਾ ਭਲਾ ਟਰੱਸਟ ਦੇ ਅਹੁਦੇਦਾਰਾਂ ਨੂੰ ਯਾਦ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ, ਪ੍ਰੋ. ਹਰਮੋਹਨ ਸ਼ਰਮਾ ਤੇ ਪ੍ਰੋ. ਗਣੇਸ਼ ਸੇਠੀ ਵੀ ਹਾਜ਼ਰ ਸਨ।

दैनिक जागरण लुधियाना/पटियाला,3 नवंबर 2016



पटियाला के मोदी कॉलेज में विद्यार्थियों को वजीफे बांटते ट्रस्ट के सदस्य।

## ट्रस्ट ने विद्यार्थियों को बांटे वजीफे

जेएनएन, पटियाला : मुलतानी मल मोदी कॉलेज में एक विशेष समागम में सरबत दा भला चैरिटेबल ट्रस्ट के ट्रस्टी डॉ. एसपी सिंह ओबराय ने कॉलेज के 57 जरूरतमंद और काबिल विद्यार्थियों को 5 लाख 59 हजार 945 रुपये वजीफे दिए। इस मौके पर डॉ. ओबराय ने कहा कि यह ट्रस्ट हमेशा जरूरतमंद और होशियार विद्यार्थियों को माली सहायता देने के लिए प्रतिबद्ध है। वे चाहते हैं कि कोई भी ऐसा विद्यार्थी माली सहायता की कमी के कारण उच्च शिक्षा से वंचित नहीं रहना चाहिए। कॉलेज प्रिंसिपल डॉ. खुशविंदर कुमार ने ट्रस्ट के योगदान की प्रशंसा की। इस मौके पर बलजिंदर कौर, प्रो. हरमोहन शर्मा, प्रो. गणेश सेठी हाजिर थे।

दैनिक भास्कर

## मोदी कॉलेज में 57 स्टूडेंट्स को बांटा वजीफा

भास्कर संवाददाता | पटियाला

मुलतानी मल मोदी कॉलेज में आयोजित प्रोग्राम में सरबत का भला चैरिटेबल ट्रस्ट के मैनेजिंग ट्रस्टी डॉ. एसपी सिंह ओबराय ने कॉलेज के 57 होनहार स्टूडेंट्स को 5 लाख 59हजार 945 रुपए की राशि वजीफे के तौर पर दी।

ओबराय ने कहा कि ट्रस्ट द्वारा हर समय जरूरतमंदों की सहायता के लिए खड़ा होता है। कॉलेज के प्रिंसिपल डॉ. खुशविंदर कुमार ने डॉ. एसपी सिंह ओबराय का धन्यवाद किया।

ट्रस्ट के निर्देशक मदन लाल हसीजा ने ट्रस्ट के विभिन्न कामों संबंधी जानकारी दी। उन्होंने बताया कि डॉ. ओबराय अपनी कमाई का 95फीसदी हिस्सा गरीब लोगों की भलाई पर खर्च करते है। प्रो. वेद प्रकाश शर्मा ने बताया कि ट्रस्ट ने पिछले तीन सालों में स्टूडेंट्स को करीब 15 लाख रुपए का वजीफा दिया है। प्रो. निर्मल सिंह ने वजीफा देने पर ट्रस्ट का धन्यवाद किया। कॉलेज के संगीत विभाग के स्टूडेंट्स द्वारा डॉ. जबरजंग सिंह की अगुवाई में सरस्वती वंदना व शब्द गायन प्रस्तुत किया गया। कॉलेज प्रबंधकों द्वारा सरबत का भला ट्रस्ट के मेंबरों को यादगार चिन्ह देकर सम्मानित किया गया।

इस मौके पर बलजिंदर कौर, प्रो. हरमोहन शर्मा, प्रो. गणेश सेठी और मौजूद रहे।



ਡਾ. ਓਬਰਾਏ ਕਾਲਜ ਦੇ ਵਿਦਿਆਰਥੀਆਂ ਨੂੰ ਵਜ਼ੀਫਾ ਵੰਡਦੇ ਹੋਏ। (ਸੁਖਵਿੰਦਰ)

# ਵਿਦਿਆਰਥੀਆਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਦਿੱਤੇ ਵਜ਼ੀਫ਼ੇ

ਪਟਿਆਲਾ, 2 ਨਵੰਬਰ (ਜੋਸਨ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਇਕ ਸਮਾਗਮ 'ਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.) ਦੇ ਮੈਨੇਜਿੰਗ ਟਰੱਸਟੀ ਡਾ. ਐੱਸ. ਪੀ. ਸਿੰਘ ਓਬਰਾਏ ਨੇ ਕਾਲਜ ਦੇ 57 ਲੋੜਵੰਦਾਂ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 59 ਹਜ਼ਾਰ 945 ਰੁਪਏ ਦੀ ਰਕਮ ਦੇ ਵਜ਼ੀਫ਼ੇ ਦਿੱਤੇ। ਇਸ ਮੌਕੇ ਡਾ. ਓਬਰਾਏ ਨੇ ਕਿਹਾ ਕਿ ਇਹ ਟਰੱਸਟ ਹਮੇਸ਼ਾ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਦੇਣ ਲਈ ਵਚਨਬੱਧ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਕੋਈ ਵੀ ਅਜਿਹਾ ਵਿਦਿਆਰਥੀ ਮਾਲੀ ਸਾਧਨਾਂ ਦੀ ਘਾਟ ਕਰਕੇ ਉਚੇਰੀ ਸਿੱਖਿਆ ਤੋਂ ਵਾਂਝਾ ਨਾ ਰਹੇ।

ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਡਾ. ਐੱਸ. ਪੀ. ਸਿੰਘ ਓਬਰਾਏ ਤੇ ਦੂਜੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਦੇ ਯੋਗਦਾਨ ਨਾਲ ਅਨੇਕਾਂ ਅਜਿਹੇ ਵਿਦਿਆਰਥੀ ਪੜ੍ਹਾਈ ਮੁਕੰਮਲ ਕਰ ਰਹੇ ਹਨ, ਜੋ ਆਰਥਿਕ ਪੱਖੋਂ ਬਹੁਤ ਕਮਜ਼ੋਰ ਹਨ। ਕਾਲਜ ਪ੍ਰਿੰਸੀਪਲ ਨੇ ਟਰੱਸਟ ਦੇ ਇਸ ਬੇਮਿਸਾਲ ਕੰਮ ਦੀ ਪ੍ਰਸ਼ੰਸਾ ਕੀਤੀ।

ਟਰੱਸਟ ਦੇ ਨਿਰਦੇਸ਼ਕ (ਸਿੱਖਿਆ) ਮਦਨ ਲਾਲ ਹਸੀਜਾ ਨੇ ਸਰਬੱਤ ਦਾ ਭਲਾ ਟਰੱਸਟ ਦੇ ਸਮਾਜ ਭਲਾਈ ਨਾਲ ਸਬੰਧਤ ਕੰਮਾਂ ਦਾ ਜ਼ਿਕਰ ਕੀਤਾ ਤੇ ਦੱਸਿਆ ਕਿ ਡਾ. ਓਬਰਾਏ ਆਪਣੀ ਕਮਾਈ ਦਾ 95 ਫ਼ੀਸਦੀ ਹਿੱਸਾ ਸਮਾਜ ਦੇ ਗਰੀਬ ਤਬਕਿਆਂ ਲਈ ਖਰਚ ਕਰਦੇ ਹਨ।

ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਡੀਨ ਵਿਦਿਆਰਥੀ ਭਲਾਈ ਨੇ ਮੰਚ ਸੰਚਾਲਨ ਦਾ ਫਰਜ਼ ਬਾਖ਼ੂਬੀ ਨਿਭਾਇਆ। ਇਸ ਮੌਕੇ ਟਰੱਸਟ ਦੇ ਨਾਰਥ ਜ਼ੋਨ ਦੇ ਸਕੱਤਰ ਗਗਨਦੀਪ ਸਿੰਘ ਅਹੂਜਾ ਵੀ ਹਾਜ਼ਰ ਸਨ। ਪ੍ਰੋ. ਨਿਰਮਲ ਸਿੰਘ ਨੇ ਇਸ ਭਲਾਈ ਦੇ ਕੰਮ ਲਈ ਟਰੱਸਟ ਦਾ ਧੰਨਵਾਦ ਕੀਤਾ।

ਪਟਿਆਲਾ ਬਾਣੀ

ਵੀਰਵਾਰ THUESDAY 3 ਨਵੰਬਰ 2016

**ਅਜੀਤ, ਚੰਡੀਗੜ੍ਹ**

# ਸਰਬੱਤ ਦਾ ਭਲਾ ਟਰੱਸਟ ਨੇ ਵਜ਼ੀਫ਼ੇ ਵੰਡੇ

ਪਟਿਆਲਾ, 2 ਨਵੰਬਰ (ਗੁਰਪ੍ਰੀਤ ਸਿੰਘ ਚੱਠਾ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਇੱਕ ਵਿਸ਼ੇਸ਼ ਸਮਾਗਮ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ.ਸਿੰਘ ਓਬਰਾਏ ਨੇ ਕਾਲਜ ਦੇ 57 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ 5 ਲੱਖ 59 ਹਜ਼ਾਰ 945 ਰੁਪਏ ਦੀ ਰਕਮ ਦੇ ਵਜ਼ੀਫ਼ੇ ਦਿੱਤੇ। ਇਸ ਮੌਕ ਡਾ. ਓਬਰਾਏ ਨੇ ਕਿਹਾ ਕਿ ਇਹ ਟਰੱਸਟ ਹਮੇਸ਼ਾ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਦੇਣ ਲਈ ਪ੍ਰਤੀਬੱਧ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਕੋਈ ਵੀ ਅਜਿਹਾ ਵਿਦਿਆਰਥੀ ਮਾਲੀ ਸਾਧਨਾ ਦੀ ਘਾਟ ਕਰਕੇ ਉਚੇਰੀ ਸਿੱਖਿਆ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਡਾ. ਐਸ.ਪੀ.ਸਿੰਘ ਓਬਰਾਏ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਦੇ ਯੋਗਦਾਨ ਨਾਲ ਅਨੇਕਾਂ ਅਜਿਹੇ ਵਿਦਿਆਰਥੀ ਪੜ੍ਹਾਈ ਮੁਕੰਮਲ ਕਰ ਰਹੇ ਹਨ ਜੋ ਆਰਥਕ ਪੱਖੋਂ ਬਹੁਤ ਕਮਜ਼ੋਰ ਹਨ। ਟਰੱਸਟ ਦੇ ਨਿਰਦੇਸ਼ਕ (ਸਿੱਖਿਆ) ਸ੍ਰੀ ਮਦਨ ਲਾਲ ਹਸੀਜਾ ਨੇ ਸਰਬਤ ਦਾ ਭਲਾ ਟਰੱਸਟ ਦੇ ਸਮਾਜ ਭਲਾਈ ਨਾਲ ਸਬੰਧਿਤ ਕੰਮਾਂ ਦਾ ਜ਼ਿਕਰ ਕੀਤਾ। ਪ੍ਰੋ: ਵੇਦ ਪ੍ਰਕਾਸ਼ ਸ਼ਰਮਾ, ਡੀਨ ਵਿਦਿਆਰਥੀ ਭਲਾਈ ਨੇ ਮੰਚ ਸੰਚਾਲਨ ਦਾ ਬਾਖ਼ੂਬੀ ਨਿਭਾਇਆ। ਇਸ ਮੌਕੇ 'ਤੇ ਟਰੱਸਟ ਦੇ ਨਾਰਥ ਜੋਨ ਦੇ ਸਕੱਤਰ ਸ੍ਰੀ ਗਗਨਦੀਪ ਸਿੰਘ ਅਹੂਜਾ ਵੀ ਹਾਜ਼ਰ ਸਨ। ਪ੍ਰੋ: ਨਿਰਮਲ ਸਿੰਘ ਨੇ ਇਸ ਭਲਾਈ ਦੇ ਕੰਮ ਲਈ ਟਰੱਸਟ ਦਾ ਧੰਨਵਾਦ ਕੀਤਾ।



ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ.ਸਿੰਘ ਓਬਰਾਏ ਕਾਲਜ ਪ੍ਰਿੰਸੀਪਲ ਨੂੰ ਵਜ਼ੀਫ਼ੇ ਦੀ ਰਾਸ਼ੀ ਸੌਂਪਦੇ ਹੋਏ। ਅਜੀਤ ਤਸਵੀਰ

# SECOND NATIONAL SYMPOSIUM ON EMERGING TRENDS IN BIOLOGICAL SCIENCES

सोमवार, 14 नवम्बर 2016 | दैनिक सवेरा टाइम्स

आयोजन मोदी कालेज में बायोलाजिकल साइंसिज नैशनल सिम्पोजियम

# 'कुदरत की शक्ति को समझने को विज्ञान की बेकार श्रेणियां खत्म होंगी'






नैशनल सिम्पोजियम में अपने विचार व्यक्त करते गणमान्य तथा (दाएं)सोवीनर-कम- अबस्ट्रैक बुक रिलीज करते प्रिंसीपल खुशविंदर कुमार व अन्य गणमान्य।

पटियाला, 13 नवंबर (बलविन्द्र): आज स्थानीय कालेज में बायोलाजिकल साइंसिज में उभरते रुझान विषय पर दूसरा नैशनल सिम्पोजियम आयोजित किया गया जिस में बाबा साहब भीम राव अम्बेदकर सैंट्रल यूनिवर्सिटी, लखनऊ के वाइस चांसलर डा. आर.सी. सोबती ने बतौर मुख्य मेहमान शिरक्कत की। उन्होंने बताया कि हमारे बुजुर्गों ने हमें विज्ञान आधारित जीवनशैली दी है लेकिन अब हम तेज कदमों के साथ समरूपता की तरफ बढ़ रहे हैं। उन्होंने बताया कि यदि हम कुदरत की शक्ति की समुच्चता को समझना है तो हमारे द्वारा विज्ञान में पैदा की बेकार श्रेणियों को खत्म करना पड़ेगा। गुरू अंगद देव वैटर्नरी एंड एनिमल साइंसिज यूनिवर्सिटी, लुधियाना के डीन डा. अनिल कुमार पूनम की रात ने माइक्रोवेज की महत्ता बारे जानकारी देते बताया कि यह जीव 2 घंटे काम करते हैं और अब हम इन को अपने भोजन में इस तरीके से मिला रहे हैं जिससे हम शुगर और मोटापा की नामुराद बीमारी को थाम सके।

प्रिंसीपल डा. खुशविन्दर कुमार ने मुख्य मेहमान और अन्य पहुंचे मेहमानों का स्वागत किया। उन्होंने यह उम्मीद जाहिर की कि बायोलाजिकल विज्ञान के इस युग में उच्चकोटि के वैज्ञानिकों की हुई इस सभा द्वारा ऐसे पेचीदा मसलों के संभावी हल ढूंढने की कोशिश की जाएगी जिन के साथ मानव मौजूदा समय में जूझ रहा है। इस मौके पूर्व प्रिंसीपल प्रोफैसर ओ.पी. धीमान, पंजाबी यूनिवर्सिटी से डा. आर.सी. गुप्ता और प्रोफैसर निर्मल सिंह भी मौजूद थे। सम्मान चिह्न प्रदान करने की रस्म समय पर डा. भानवी वाधवन और प्रोफैसर टीना पाठक भी शामिल थे। डा. संतोष बाला ने धन्यवादी शब्द बोलने की जिम्मेदारी निभाई।

**सोवीनर-कम-अबस्ट्रैक बुक भी रिलीज की**

इस सिम्पोजियम के कोआर्डीनेटर डा. अश्वनी शर्मा और कन्वीनर डा. कुलदीप कुमार ने मंच संचालन का काम बाखूबी निभाया और यह भी बताया कि इस सिम्पोजिजम दौरान तकरीबन 250 अबस्ट्रैक्ट प्राप्त हुए हैं। इस सिम्पोजियम में देश के अलग-अलग भागों से 200 से ज्यादा डैलिगेट्स ने भाग लिया। इस मौके सोवीनर-कम-अबस्ट्रैक बुक भी रिलीज की गई। तीन उच्चकोटि के विज्ञानी, गुरु जम्बेश्वर यूनिवर्सिटी से प्रोफैसर डा. नीरज दिलबागी, सैंट्रल यूनिवर्सिटी आफ हरियाणा से प्रोफैसर डा. जी.के. कोछड़ और पंजाब यूनिवर्सिटी से डा. नवीन गुप्ता ने इस सम्बन्ध में जानकारी भरपूर भाषण दिए। सिम्पोजियम के विदाई सैशन में थापर यूनिवर्सिटी, पटियाला के डा. एम.एस. रैडी ने मुख्य मेहमान और मोदी एजुकेशन सोसायटी के मैंबर प्रोफैसर सुरिन्दर लाल ने विशेष मेहमान के तौर पर शिरक्कत की। डा. जगदीश सिंह, डा. सुरेश शर्मा, डा. अनूप वर्मा और डा. बलविन्दर सिंह सुच्यता ने तकनीकी सैशन्ज की अध्यक्षता की। प्रोफैसर नीलम वर्मा, प्रोफैसर अरुणा भाटिया और डा. अनिल कुमार शर्मा पोस्टर प्रस्तुतिकरण के जज थे।

## National symposium held at Modi College

**PATIALA:** The second National Symposium on Emerging Trends in Biological Sciences (NSETB-2016) was organised at the Multani Mal Modi College here. More than 200 delegates from various parts of the country attended the symposium. A souvenir-cum-abstract book was released on the occasion. RC Sobti, vice-chancellor, Babasaheb Bhimrao Ambedkar Central University, Lucknow, was chief guest. He said that our elders blessed us with a science-compatible culture. Homogenisation of food habits and dressing sense is a dangerous trend. Dr Anil Kumar Puniya, dean, College of Dairy Sciences and Technology, Guru Angad Dev Veterinary and Animal Sciences University, Ludhiana, talked about the role of microbes in all living beings and said that they should never be underestimated because the 24X7 working creatures have many things to teach to human beings. **HTC**

www.hindustantimes.com

ਸੱਚ ਕਹੂੰ ਸਰਸਾ, ਸੋਮਵਾਰ, 14 ਨਵੰਬਰ, 2016

## ਮੁਲਤਾਨੀ ਮੱਲ ਕਾਲਜ 'ਚ ਨੈਸ਼ਨਲ ਸਿੰਪੋਜ਼ੀਅਮ ਕਰਵਾਇਆ

**ਜਗਤਾਰ ਸਿੰਘ**

**ਪਟਿਆਲਾ, 13 ਨਵੰਬਰ।** ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਾਲਜ ਵਿਖੇ 'ਬਾਇਓਲਾਜੀਕਲ ਸਾਇੰਸਜ਼ 'ਚ ਉੱਭਰਦੇ ਰੁਝਾਨ' ਵਿਸ਼ੇ 'ਤੇ ਦੂਜਾ ਨੈਸ਼ਨਲ ਸਿੰਪੋਜ਼ੀਅਮ ਕਰਵਾਇਆ ਗਿਆ ਜਿਸ 'ਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸੈਂਟਰਲ ਯੂਨੀਵਰਸਿਟੀ, ਲਖਨਊ ਦੇ ਵਾਈਸ ਚਾਂਸਲਰ ਡਾ. ਆਰ. ਸੀ. ਸੋਬਤੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਆਪਣੇ ਸੰਬੋਧਨ 'ਚ ਡਾ. ਸੋਬਤੀ ਨੇ ਦੱਸਿਆ ਕਿ ਸਾਡੇ ਬਜ਼ੁਰਗਾਂ ਨੇ ਸਾਨੂੰ ਵਿਗਿਆਨ ਅਧਾਰਤ ਜੀਵਨਸ਼ੈਲੀ ਬਖ਼ਸ਼ੀ ਹੈ ਪਰੰਤੂ ਹੁਣ ਅਸੀਂ ਤੇਜ਼ ਕਦਮਾਂ ਨਾਲ ਸੰਪੂਰਤਾ ਵੱਲ ਵਧ ਰਹੇ ਹਾਂ।

ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਡੀਨ ਡਾ. ਅਨਿਲ ਕੁਮਾਰ ਪੂਨੀਆ ਨੇ ਮਾਈਕਰੋਵਜ਼ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਕੁੰਜੀਵਤ ਬੁਲਾਰੇ ਅਤੇ ਹੋਰ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਸਿੰਪੋਜ਼ੀਅਮ ਦੇ ਕੋਆਰਡੀਨੇਟਰ ਡਾ. ਅਸ਼ਵਨੀ ਸ਼ਰਮਾ ਅਤੇ ਕਨਵੀਨਰ ਡਾ. ਕੁਲਦੀਪ ਕੁਮਾਰ ਨੇ ਦੱਸਿਆ ਕਿ ਇਸ 'ਚ 200 ਤੋਂ ਜ਼ਿਆਦਾ ਡੈਲੀਗੇਟਸ ਭਾਗ ਲੈ ਰਹੇ ਹਨ।

ਤਿੰਨ ਉੱਚਕੋਟੀ ਦੇ ਵਿਗਿਆਨੀ, ਗੁਰੂ ਜੰਬੇਸ਼ਵਰ ਯੂਨੀਵਰਸਿਟੀ ਤੋਂ ਪ੍ਰੋਫ਼ੈਸਰ ਡਾ. ਨੀਰਜ਼ ਦਿਲਬਾਗੀ, ਸੈਂਟਰਲ ਯੂਨੀਵਰਸਿਟੀ ਆਫ ਹਰਿਆਣਾ ਤੋਂ ਪ੍ਰੋਫ਼ੈਸਰ ਡਾ. ਜੀ.ਕੇ. ਕੋਛੜ ਅਤੇ ਪੰਜਾਬ ਯੂਨੀਵਰਸਿਟੀ ਤੋਂ ਡਾ. ਨਵੀਨ ਗੁਪਤਾ ਨੇ ਇਸ ਸਬੰਧ 'ਚ ਜਾਣਕਾਰੀ ਭਰਪੂਰ ਭਾਸ਼ਣ ਦਿੱਤੇ। ਸਿੰਪੋਜ਼ੀਅਮ ਦੇ ਵਿਦਾਇਗੀ ਸ਼ੈਸ਼ਨ 'ਚ ਥਾਪਰ 'ਵਰਸਿਟੀ, ਪਟਿਆਲਾ ਦੇ ਡਾ. ਐਮ.ਐਸ. ਰੈਡੀ ਨੇ ਮੁੱਖ ਮਹਿਮਾਨ ਅਤੇ ਮੋਦੀ ਐਜੂਕੇਸ਼ਨ ਸੋਸਾਇਟੀ ਦੇ ਮੈਂਬਰ ਪ੍ਰੋਫ਼ੈਸਰ ਸੁਰਿੰਦਰ ਲਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਇਸ ਮੌਕੇ ਸਾਬਕਾ ਪ੍ਰਿੰਸੀਪਲ ਪ੍ਰੋਫ਼ੈਸਰ ਓ.ਪੀ. ਧੀਮਾਨ, ਪੰਜਾਬੀ ਯੂਨੀਵਰਸਿਟੀ ਤੋਂ ਡਾ. ਆਰ.ਸੀ. ਗੁਪਤਾ ਅਤੇ ਪ੍ਰੋਫ਼ੈਸਰ ਨਿਰਮਲ ਸਿੰਘ ਵੀ ਮੌਜੂਦ ਸਨ।

ਜਾਗਰਣ
ਜਲੰਧਰ 14 ਨਵੰਬਰ, 2016
www.punjabijagran.com

'ਬਾਇਓਲਾਜੀਕਲ ਸਾਇੰਸਜ਼ 'ਚ ਉੱਭਰਦੇ ਰੁਝਾਨ' ਵਿਸ਼ੇ 'ਤੇ ਸਿੰਪੋਜ਼ੀਅਮ

# ਸਾਇੰਸ ਅਧਾਰਤ ਜੀਵਨ-ਸ਼ੈਲੀ ਛੱਡ ਅਸੀਂ ਸਮਰੂਪਤਾ ਵੱਲ ਵਧ ਰਹੇ ਹਾਂ : ਡਾ. ਸੋਬਤੀ

**ਸਟਾਫ਼ ਰਿਪੋਰਟਰ, ਪਟਿਆਲਾ** : ਸਥਾਨਕ ਕਾਲਜ ਵਿਖੇ 'ਬਾਇਓਲਾਜੀਕਲ ਸਾਇੰਸਜ਼ ਵਿਚ ਉੱਭਰਦੇ ਰੁਝਾਨ' ਵਿਸ਼ੇ 'ਤੇ ਦੂਜਾ ਨੈਸ਼ਨਲ ਸਿੰਪੋਜ਼ੀਅਮ ਕੀਤਾ ਗਿਆ ਜਿਸ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸੈਂਟਰਲ ਯੂਨੀਵਰਸਿਟੀ, ਲਖਨਊ ਦੇ ਵਾਈਸ ਚਾਂਸਲਰ ਡਾ. ਆਰਸੀ ਸੋਬਤੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਦੱਸਿਆ ਕਿ ਸਾਡੇ ਬਜ਼ੁਰਗਾਂ ਨੇ ਸਾਨੂੰ ਸਾਇੰਸ ਅਧਾਰਤ ਜੀਵਨ-ਸ਼ੈਲੀ ਬਖ਼ਸ਼ੀ ਹੈ ਲੇਕਿਨ ਹੁਣ ਅਸੀਂ ਤੇਜ਼ ਕਦਮਾਂ ਨਾਲ ਸਮਰੂਪਤਾ ਵੱਲ ਵਧ ਰਹੇ ਹਾਂ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜੇਕਰ ਅਸੀਂ ਕੁਦਰਤ ਦੀ ਸ਼ਕਤੀ ਦੀ ਸਮੁੱਚਤਾ ਨੂੰ ਸਮਝਣਾ ਹੈ ਤਾਂ ਸਾਡੇ ਦੁਆਰਾ ਸਾਇੰਸ ਵਿਚ ਪੈਦਾ ਕੀਤੀਆਂ ਖ਼ਿਆਲੀ ਸ਼੍ਰੇਣੀਆਂ ਨੂੰ ਖ਼ਤਮ ਕਰਨਾ ਪਵੇਗਾ। ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਦੇ ਡੀਨ ਡਾ. ਅਨਿਲ ਕੁਮਾਰ ਪੂਨੀਆ ਨੇ ਮਾਈਕਰੋਵਜ਼ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜੀਵ ਚੌਵੀ ਘੰਟੇ ਕੰਮ ਕਰਦੇ ਹਨ ਅਤੇ ਹੁਣ ਅਸੀਂ ਇਨ੍ਹਾਂ ਨੂੰ ਆਪਣੇ ਭੋਜਨ ਵਿਚ ਇਸ ਤਰੀਕੇ ਨਾਲ ਮਿਲਾ ਰਹੇ ਹਾਂ ਤਾਂ ਕਿ ਅਸੀਂ ਸ਼ੂਗਰ ਅਤੇ ਮੋਟਾਪਾ ਜਿਹੀ ਨਾਮੁਰਾਦ ਬਿਮਾਰੀ ਨੂੰ ਠੱਲ੍ਹ ਪਾ ਸਕੀਏ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਭੁੰਜੀਵਤ ਬੁਲਾਰੇ ਅਤੇ ਹੋਰ ਪਹੁੰਚੇ ਮਹਿਮਾਨਾਂ ਦਾ ਸੁਆਗਤ ਕੀਤਾ।

ਇਸ ਸਿੰਪੋਜ਼ੀਅਮ ਦੇ ਕੋਆਰਡੀਨੇਟਰ ਡਾ. ਅਸ਼ਵਨੀ ਸ਼ਰਮਾ ਅਤੇ ਕਨਵੀਨਰ ਡਾ. ਕੁਲਦੀਪ ਕੁਮਾਰ ਨੇ ਮੰਚ ਸੰਚਾਲਨ ਦਾ ਕੰਮ ਬਾਖ਼ੂਬੀ ਨਿਭਾਇਆ ਅਤੇ ਇਹ ਵੀ ਦੱਸਿਆ ਕਿ ਇਸ ਸਿੰਪੋਜ਼ੀਅਮ ਦੌਰਾਨ ਤਕਰੀਬਨ 250 ਅਬਸਟਰੈਕਟ ਪ੍ਰਾਪਤ ਹੋਏ ਹਨ। ਇਸ ਸਿੰਪੋਜ਼ੀਅਮ ਵਿਚ ਦੇਸ਼ ਦੇ ਵੱਖ ਵੱਖ ਭਾਗਾਂ ਤੋਂ 200 ਤੋਂ ਜ਼ਿਆਦਾ ਡੈਲੀਗੇਟਸ ਨੇ ਭਾਗ ਲਿਆ। ਇਸ ਮੌਕੇ ਸੋਵੀਨਰ-ਕਮ- ਅਬਸਟਰੈਕ ਬੁੱਕ ਵੀ ਰਿਲੀਜ਼ ਕੀਤੀ ਗਈ। ਸਿੰਪੋਜ਼ੀਅਮ ਦੇ ਵਿਦਾਇਗੀ ਸ਼ੈਸ਼ਨ ਵਿਚ ਥਾਪਰ ਯੂਨੀਵਰਸਿਟੀ, ਪਟਿਆਲਾ ਦੇ ਡਾ. ਐਮ.ਐਸ. ਰੈਡੀ ਨੇ ਮੁੱਖ ਮਹਿਮਾਨ ਅਤੇ ਮੋਦੀ ਐਜੂਕੇਸ਼ਨ ਸੋਸਾਇਟੀ ਦੇ ਮੈਂਬਰ ਪ੍ਰੋਫ਼ੈਸਰ ਸੁਰਿੰਦਰ ਲਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਡਾ. ਜਗਦੀਸ਼ ਸਿੰਘ, ਡਾ. ਸੁਰੇਸ਼ ਸ਼ਰਮਾ ਡਾ. ਅਨੂਪ ਵਰਮਾ ਅਤੇ ਡਾ. ਬਲਵਿੰਦਰ ਸਿੰਘ ਸੂਚ ਨੇ ਤਕਨੀਕੀ ਸ਼ੈਸ਼ਨਜ਼ ਦੀ ਪ੍ਰਧਾਨਗੀ ਕੀਤੀ। ਪ੍ਰੋਫ਼ੈਸਰ ਨੀਲਮ ਵਰਮਾ, ਪ੍ਰੋਫ਼ੈਸਰ ਅਰੁਨਾ ਭਾਟੀਆ ਅਤੇ ਡਾ. ਅਨਿਲ ਕੁਮਾਰ ਸ਼ਰਮਾ ਪੋਸਟਰ ਪੇਸ਼ਕਾਰੀਆਂ ਦੇ ਜੱਜ ਸਨ। ਇਸ ਮੌਕੇ ਸਾਬਕਾ ਪ੍ਰਿੰਸੀਪਲ ਪ੍ਰੋਫ਼ੈਸਰ ਓ.ਪੀ. ਧੀਮਾਨ, ਪੰਜਾਬੀ ਯੂਨੀਵਰਸਿਟੀ ਤੋਂ ਡਾ. ਆਰ.ਸੀ. ਗੁਪਤਾ ਅਤੇ ਪ੍ਰੋਫ਼ੈਸਰ ਨਿਰਮਲ ਸਿੰਘ ਵੀ ਮੌਜੂਦ ਸਨ। ਸਨਮਾਨ ਚਿੰਨ ਪ੍ਰਦਾਨ ਕਰਨ ਦੀ ਰਸਮ ਵੇਲੇ ਡਾ. ਭਾਨਵੀ ਵਾਧਵਨ ਅਤੇ ਪ੍ਰੋਫ਼ੈਸਰ ਟੀਨਾ ਪਾਠਕ ਵੀ ਸ਼ਾਮਲ ਸਨ। ਡਾ. ਸੰਤੋਸ਼ ਬਾਲਾ ਨੇ ਧੰਨਵਾਦੀ ਸ਼ਬਦ ਬੋਲਣ ਦੀ ਜ਼ਿੰਮੇਵਾਰੀ ਨਿਭਾਈ।




**ਨੈਸ਼ਨਲ ਸਿੰਪੋਜ਼ੀਅਮ ਦੌਰਾਨ ਪੁੱਜੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਨਾਲ ਹੋਰ ਵਿਦਵਾਨ।**

ਰੋਜ਼ਾਨਾ ਸਪੋਕਸਮੈਨ

# 'ਬਾਇਓਲਾਜੀਕਲ ਸਾਇੰਸ ਵਿਚ ਉਭਰਦੇ ਰੁਝਾਨ' ਵਿਸ਼ੇ 'ਤੇ ਨੈਸ਼ਨਲ ਸਿੰਪੋਜ਼ੀਅਮ

ਪਟਿਆਲਾ, 13 ਨਵੰਬਰ (ਹਰਦੀਪ ਸਿੰਘ): ਮੁਲਤਾਨੀ ਮੱਲ ਮੋਦੀ ਕਾਲਜ ਵਿਖੇ 'ਬਾਇਓਲਾਜੀਕਲ ਸਾਇੰਸਜ਼ ਵਿਚ ਉੱਭਰਦੇ ਰੁਝਾਨ' ਵਿਸ਼ੇ 'ਤੇ ਦੂਜਾ ਨੈਸ਼ਨਲ ਸਿੰਪੋਜ਼ੀਅਮ ਕਰਵਾਇਆ ਗਿਆ ਜਿਸ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸੈਂਟਰਲ ਯੂਨੀਵਰਸਿਟੀ, ਲਖਨਊ ਦੇ ਵਾਈਸ ਚਾਂਸਲਰ ਡਾ. ਆਰ. ਸੀ. ਸੋਬਤੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਡਾ. ਸੋਬਤੀ ਨੇ ਦਸਿਆ ਕਿ ਸਾਡੇ ਬਜ਼ੁਰਗਾਂ ਨੇ ਸਾਨੂੰ ਸਾਇੰਸ ਅਧਾਰਤ ਜੀਵਨ-ਸ਼ੈਲੀ ਬਖ਼ਸ਼ੀ ਹੈ ਲੇਕਿਨ ਹੁਣ ਅਸੀਂ ਤੇਜ਼ ਕਦਮਾਂ ਨਾਲ ਸਮਰੂਪਤਾ ਵੱਲ ਵਧ ਰਹੇ ਹਾਂ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜੇਕਰ ਅਸੀਂ ਕੁਦਰਤ ਦੀ ਸ਼ਕਤੀ ਦੀ ਸਮੁੱਚਤਾ ਨੂੰ ਸਮਝਣਾ ਹੈ ਤਾਂ ਸਾਡੇ ਦੁਆਰਾ ਸਾਇੰਸ ਵਿਚ ਪੈਦਾ ਕੀਤੀਆਂ ਖਿਆਲੀ ਸ਼੍ਰੇਣੀਆਂ ਨੂੰ ਖਤਮ ਕਰਨਾ ਪਏਗਾ। ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਡੀਨ



ਸੈਮੀਨਾਰ ਮੌਕੇ ਦੀ ਤਸਵੀਰ।

ਡਾ. ਅਨਿਲ ਕੁਮਾਰ ਪੂਨੀਆ ਨੇ ਮਾਈਕਰੋਵਜ਼ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜੀਵ ਚੌਵੀ ਘੰਟੇ ਕੰਮ ਕਰਦੇ ਹਨ ਅਤੇ ਹੁਣ ਅਸੀਂ ਇਨ੍ਹਾਂ ਨੂੰ ਅਪਣੇ ਭੋਜਨ ਵਿਚ ਇਸ ਤਰੀਕੇ ਨਾਲ ਮਿਲਾ ਰਹੇ ਹਾਂ ਤਾਂ ਕਿ ਅਸੀਂ ਸ਼ੂਗਰ ਅਤੇ ਮੋਟਾਪਾ ਜਿਹੀ ਨਾਮੁਰਾਦ ਬਿਮਾਰੀ ਨੂੰ ਠੱਲ ਪਾ ਸਕੀਏ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਹਿਮਾਨਾਂ ਦਾ ਸੁਆਗਤ ਕਰਦਿਆਂ ਉਮੀਦ ਜ਼ਾਹਿਰ ਕੀਤੀ ਕਿ ਬਾਇਓਲਾਜੀਕਲ ਸਾਇੰਸ ਦੇ ਇਸ ਯੁਗ ਵਿਚ, ਉੱਚਕੋਟੀ ਦੇ ਸਾਇੰਸਦਾਨਾਂ ਦੀ ਹੋਈ ਇਸ ਇਕੱਤਰਤਾ ਰਾਹੀਂ ਅਜਿਹੇ ਪੇਚੀਦਾ ਮਸਲਿਆਂ ਦੇ ਸੰਭਾਵੀ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ ਜਿਨ੍ਹਾਂ ਨਾਲ ਮਨੁੱਖ ਮੌਜੂਦਾ ਸਮੇਂ ਵਿਚ ਜੂਝ ਰਿਹਾ ਹੈ।

ਸਿੰਪੋਜ਼ੀਅਮ ਦੇ ਕੋਆਰਡੀਨੇਟਰ ਡਾ. ਅਸ਼ਵਨੀ ਸ਼ਰਮਾ ਤੇ ਕਨਵੀਨਰ ਡਾ. ਕੁਲਦੀਪ ਕੁਮਾਰ ਨੇ ਮੰਚ ਸੰਚਾਲਨ ਕਰਦਿਆਂ ਦੱਸਿਆ ਕਿ ਇਸ ਸਿੰਪੋਜ਼ੀਅਮ ਦੌਰਾਨ ਤਕਰੀਬਨ 250 ਅਬਸਟਰੈਕਟ ਪ੍ਰਾਪਤ ਹੋਏ ਹਨ। ਇਸ ਸਿੰਪੋਜ਼ੀਅਮ ਵਿਚ ਦੇਸ਼ ਦੇ ਵੱਖ ਵੱਖ ਭਾਗਾਂ ਤੋਂ 200 ਤੋਂ ਜ਼ਿਆਦਾ ਡੈਲੀਗੇਟਸ ਨੇ ਭਾਗ ਲਿਆ। ਇਸ ਮੌਕੇ ਸੋਵੀਨਰ-ਕਮ- ਅਬਸਟਰੈਕ ਬੁੱਕ ਵੀ ਰਿਲੀਜ਼ ਕੀਤੀ ਗਈ।

ਤਿੰਨ ਉੱਚਕੋਟੀ ਦੇ ਵਿਗਿਆਨੀ, ਗੁਰੂ ਜੰਭੇਸ਼ਵਰ ਯੂਨੀਵਰਸਿਟੀ ਤੋਂ ਪ੍ਰੋਫ਼ੈਸਰ ਡਾ. ਨੀਰਜ ਦਿਲਬਾਗੀ, ਸੈਂਟਰਲ ਯੂਨੀਵਰਸਿਟੀ ਆਫ ਹਰਿਆਣਾ ਤੋਂ ਪ੍ਰੋਫ਼ੈਸਰ ਡਾ. ਜੀ.ਕੇ. ਕੋਛੜ ਅਤੇ ਪੰਜਾਬ ਯੂਨੀਵਰਸਿਟੀ ਤੋਂ ਡਾ. ਨਵੀਨ ਗੁਪਤਾ ਨੇ ਇਸ ਸੰਬੰਧ ਵਿਚ ਜਾਣਕਾਰੀ ਭਰਪੂਰ ਭਾਸ਼ਣ ਦਿਤੇ।

ਸਿੰਪੋਜ਼ੀਅਮ ਦੇ ਵਿਦਾਇਗੀ ਸ਼ੈਸ਼ਨ ਵਿਚ ਥਾਪਰ ਯੂਨੀਵਰਸਿਟੀ, ਦੇ ਡਾ. ਐਮ.ਐਸ. ਰੈਡੀ ਨੇ ਮੁੱਖ ਮਹਿਮਾਨ ਤੇ ਮੋਦੀ ਐਜੂਕੇਸ਼ਨ ਸੋਸਾਇਟੀ ਦੇ ਮੈਂਬਰ ਪ੍ਰੋਫ਼ੈਸਰ ਸੁਰਿੰਦਰ ਲਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।

ਡਾ. ਸੰਤੋਸ਼ ਬਾਲਾ ਨੇ ਧਨਵਾਦੀ ਸ਼ਬਦ ਬੋਲੇ।

## ਸੜਕ ਹਾਦਸੇ ਵਿਚ ਇਕ ਦੀ ਮੌਤ, ਤਿੰਨ ਜ਼ਖ਼ਮੀ

ਬਨੂੜ, 13 ਨਵੰਬਰ (ਅਵਤਾਰ ਸਿੰਘ): ਬਨੂੜ-ਰਾਜਪੁਰਾ ਮੁੱਖ ਮਾਰਗ ਉੱਤੇ ਪੈਂਦੇ ਪਿੰਡ ਜੰਗਪੁਰਾ ਨੇੜੇ ਸੜਕ ਪਾਰ ਕਰਨ ਲਈ ਖੜੇ ਸਾਈਕਲ ਸਵਾਰ ਨੂੰ ਤੇਜ਼ ਰਫ਼ਤਾਰ ਮੋਟਰ ਸਾਈਕਲ ਸਵਾਰਾਂ ਦੀ ਟੱਕਰ ਕਾਰਨ ਇਕ ਦੀ ਮੌਤ ਹੋ ਗਈ, ਜਦਕਿ ਤਿੰਨ ਗੰਭੀਰ ਜ਼ਖ਼ਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਜੰਗਪੁਰਾ ਦਾ ਵਸਨੀਕ ਇੰਦਰਜੀਤ ਸਿੰਘ ਪੁੱਤਰ ਸਰਵਜੀਤ ਸਿੰਘ ਉਮਰ 48 ਸਾਲ ਸਾਈਕਲ ਤੇ ਸਵਾਰ ਅਪਣੇ ਘਰ ਨੂੰ ਜਾਣ ਲਈ ਮੁੱਖ ਮਾਰਗ ਪਾਰ ਕਰਨ ਲਈ ਸੜਕ ਕਿਨਾਰੇ ਖੜਾ ਸੀ। ਜਿਸ ਨੂੰ ਬਨੂੜ ਤੋਂ ਰਾਜਪੁਰਾ ਵਲ ਜਾ ਰਹੇ ਤੇਜ਼ ਰਫ਼ਤਾਰ ਮੋਟਰ ਸਾਈਕਲ ਦੀ ਟੱਕਰ ਵੱਜੀ ਜਿਸ ਕਾਰਨ ਸਾਇਕਲ ਸਵਾਰ ਤੇ ਮੋਟਰਸਾਈਕਲ ਸਵਾਰ ਤਿੰਨ ਵਿਅਕਤੀ ਸੜਕ ਉੱਤੇ ਡਿੱਗ ਗਏ। ਚਾਰੇ ਜ਼ਖ਼ਮੀਆਂ ਵਿਚੋਂ ਇੰਦਰਜੀਤ ਸਿੰਘ ਨੇ ਹਸਪਤਾਲ ਪੁੱਜਦਿਆਂ ਦਮ ਤੋੜ ਦਿਤਾ। ਸੁਰਿੰਦਰ ਸਿੰਘ ਦੀ ਹਾਲਤ ਜ਼ਿਆਦਾ ਗੰਭੀਰ ਹੋਣ ਕਾਰਨ ਉਸ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਰੈਫ਼ਰ ਕਰ ਦਿਤਾ।

**ਅਜੀਤ**



ਸੈਮੀਨਾਰ ਦੌਰਾਨ ਸੋਵੀਨਰ-ਕਮ-ਅਬਸਟਰੈਕ ਬੁੱਕ ਰਿਲੀਜ਼ ਕਰਦੇ ਹੋਏ ਨੁਮਾਇੰਦੇ। ਅਜੀਤ ਤਸਵੀਰ

# ਮੋਦੀ ਕਾਲਜ 'ਚ ਸੈਮੀਨਾਰ ਕਰਵਾਇਆ

ਪਟਿਆਲਾ, 12 ਨਵੰਬਰ (ਪਰਗਟ ਸਿੰਘ ਬਲਬੇੜ੍ਹਾ)-ਅੱਜ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ 'ਬਾਇਓਲਾਜੀਕਲ ਸਾਇੰਸਜ਼ ਵਿਚ ਉੱਭਰਦੇ ਰੁਝਾਨ' ਵਿਸ਼ੇ 'ਤੇ ਦੂਜਾ ਨੈਸ਼ਨਲ ਸਿੰਪੋਜ਼ੀਅਮ ਆਯੋਜਿਤ ਕੀਤਾ ਗਿਆ ਜਿਸ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸੈਂਟਰਲ ਯੂਨੀਵਰਸਿਟੀ ਲਖਨਊ ਦੇ ਵਾਈਸ ਚਾਂਸਲਰ ਡਾ. ਆਰ. ਸੀ. ਸੋਬਤੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿਚ ਉਨ੍ਹਾਂ ਦੱਸਿਆ ਕਿ ਸਾਡੇ ਬਜ਼ੁਰਗਾਂ ਨੇ ਸਾਨੂੰ ਸਾਇੰਸ ਆਧਾਰਤ ਜੀਵਨ-ਸ਼ੈਲੀ ਬਖ਼ਸ਼ੀ ਹੈ ਲੇਕਿਨ ਹੁਣ ਅਸੀਂ ਤੇਜ਼ ਕਦਮਾਂ ਨਾਲ ਸਮਰੂਪਤਾ ਵੱਲ ਵਧ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਕੁਦਰਤ ਦੀ ਸ਼ਕਤੀ ਦੀ ਸਮੁੱਚਤਾ ਨੂੰ ਸਮਝਣਾ ਹੈ ਤਾਂ ਸਾਡੇ ਦੁਆਰਾ ਸਾਇੰਸ ਵਿਚ ਪੈਦਾ ਕੀਤੀਆਂ ਖ਼ਿਆਲੀ ਸ਼੍ਰੇਣੀਆਂ ਨੂੰ ਖ਼ਤਮ ਕਰਨਾ ਪਏਗਾ। ਇਸ ਤੋਂ ਇਲਾਵਾ ਵੱਖ ਵੱਖ ਬੁਲਾਰਿਆਂ ਨੇ ਆਪਣਾ ਕੁੰਜੀਵਤ ਭਾਸ਼ਣ ਦਿੱਤਾ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਅਤੇ ਹੋਰ ਪਹੁੰਚੇ ਮਹਿਮਾਨਾਂ ਦਾ ਸੁਆਗਤ ਕਰਦਿਆਂ ਇਹ ਉਮੀਦ ਜ਼ਾਹਿਰ ਕੀਤੀ ਕਿ ਬਾਇਓਲਾਜੀਕਲ ਸਾਇੰਸ ਦੇ ਇਸ ਯੁੱਗ ਵਿਚ, ਉੱਚਕੋਟੀ ਦੇ ਸਾਇੰਸਦਾਨਾਂ ਦੀ ਹੋਈ ਇਸ ਇਕੱਤਰਤਾ ਰਾਹੀਂ ਅਜਿਹੇ ਪੇਚੀਦਾ ਮਸਲਿਆਂ ਦੇ ਸੰਭਾਵੀ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ ਜਿਨ੍ਹਾਂ ਨਾਲ ਮਨੁੱਖ ਮੌਜੂਦਾ ਸਮੇਂ ਵਿਚ ਜੂਝ ਰਿਹਾ ਹੈ। ਇਸ ਸਿੰਪੋਜ਼ੀਅਮ ਵਿਚ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ 200 ਤੋਂ ਜ਼ਿਆਦਾ ਡੈਲੀਗੇਟਸ ਨੇ ਭਾਗ ਲਿਆ। ਇਸ ਮੌਕੇ ਸੋਵੀਨਰ-ਕਮ-ਅਬਸਟਰੈਕ ਬੁੱਕ ਵੀ ਰਿਲੀਜ਼ ਕੀਤੀ ਗਈ। ਇਸ ਮੌਕੇ ਡਾ. ਅਨਿਲ ਕੁਮਾਰ ਪੂਨੀਆ, ਡਾ. ਨੀਰਜ਼ ਦਿਲਬਾਗੀ, ਡਾ. ਜੀ.ਕੇ. ਕੋਛੜ, ਡਾ. ਨਵੀਨ ਗੁਪਤਾ, ਡਾ. ਐਮ.ਐਸ. ਰੈਡੀ, ਸੁਰਿੰਦਰ ਲਾਲ, ਡਾ. ਜਗਦੀਸ਼ ਸਿੰਘ, ਡਾ. ਸੁਰੇਸ਼ ਸ਼ਰਮਾ ਡਾ. ਅਨੂਪ ਵਰਮਾ ਅਤੇ ਡਾ. ਬਲਵਿੰਦਰ ਸਿੰਘ, ਨੀਲਮ ਵਰਮਾ, ਪ੍ਰੋਫ਼ੈਸਰ ਅਰੁਨਾ ਭਾਟੀਆ, ਡਾ. ਅਨਿਲ ਕੁਮਾਰ ਸ਼ਰਮਾ, ਸਾਬਕਾ ਪ੍ਰਿੰਸੀਪਲ ਪ੍ਰੋਫ਼ੈਸਰ ਓ.ਪੀ. ਧੀਮਾਨ, ਡਾ. ਆਰ.ਸੀ. ਗੁਪਤਾ, ਪ੍ਰੋਫ਼ੈਸਰ ਨਿਰਮਲ ਸਿੰਘ, ਡਾ. ਭਾਨਵੀ ਵਾਧਵਨ ਅਤੇ ਪ੍ਰੋਫ਼ੈਸਰ ਟੀਨਾ ਪਾਠਕ ਵੀ ਮੌਜੂਦ ਸਨ।

**दैनिक भास्कर**

# बायोलॉजिकल साइंस में बढ़ रहे रुझान पर कराया सिंपोजियम



पटियाला| मोदी कॉलेज में बायोलॉजिकल साइंसेज में बढ़ रहे रुझान पर दूसरा नेशनल सिंपोजियम कराया। लखनऊ की बाबा साहिब भीम राव अंबेडकर सेंट्रल यूनिवर्सिटी के वीसी डॉ. आरसी सोबती मुख्य मेहमान रहे। प्रिंसिपल डॉ. खुशविंदर कुमार ने मुख्य मेहमान का धन्यवाद किया। विदायगी सेशन में थापर यूनिवर्सिटी से डॉ. एसएस रेडी, मोदी एजुकेशन सोसायटी के मेंबर प्रो. सुरिंदर लाल ने प्रोग्राम में शिरकत की। पूर्व प्रिंसीपल प्रो. ओपी धीमान, पीयू से डॉ. आरसी गुप्ता, प्रो. निर्मल सिंह मौजूद रहे।

ਪੰਜਾਬੀ ਟ੍ਰਿਬਿਊਨ, ਐਤਵਾਰ, 13 ਨਵੰਬਰ 2016

# 'ਬਾਇਓਲੋਜੀਕਲ ਸਾਇੰਸਜ਼ ਵਿੱਚ ਉੱਭਰਦੇ ਰੁਝਾਨ' ਬਾਰੇ ਕੌਮੀ ਸੈਮੀਨਾਰ

## ਦੇਸ਼ ਦੇ ਵੱਖ ਵੱਖ ਭਾਗਾਂ ਤੋਂ 200 ਤੋਂ ਵੱਧ ਡੈਲੀਗੇਟਸ ਨੇ ਲਿਆ ਹਿੱਸਾ

ਨਿੱਜੀ ਪੱਤਰ ਪ੍ਰੇਰਕ

ਪਟਿਆਲਾ, 12 ਨਵੰਬਰ

ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿੱਚ 'ਬਾਇਓਲੋਜੀਕਲ ਸਾਇੰਸਜ਼ ਵਿੱਚ ਉੱਭਰਦੇ ਰੁਝਾਨ' ਵਿਸ਼ੇ 'ਤੇ ਕੌਮੀ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਭੀਮ ਰਾਓ ਅੰਬੇਦਕਰ ਸੈਂਟਰਲ ਯੂਨੀਵਰਸਿਟੀ ਲਖਨਊ ਦੇ ਵਾਈਸ ਚਾਂਸਲਰ ਡਾ. ਆਰ. ਸੀ. ਸੋਬਤੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।

ਸ੍ਰੀ ਸੋਬਤੀ ਨੇ ਕਿਹਾ ਕਿ ਸਾਡੇ ਬਜ਼ੁਰਗਾਂ ਨੇ ਸਾਨੂੰ ਸਾਇੰਸ ਆਧਾਰਿਤ ਜੀਵਨ-ਸ਼ੈਲੀ ਬਖ਼ਸ਼ੀ ਹੈ, ਪਰ ਹੁਣ ਅਸੀਂ ਤੇਜ਼ ਕਦਮਾਂ ਨਾਲ ਸਮਰੂਪਤਾ ਵੱਲ ਵਧ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇ ਕੁਦਰਤ ਦੀ ਸ਼ਕਤੀ ਦੀ ਸਮੁੱਚਤਾ ਨੂੰ ਸਮਝਣਾ ਹੈ ਤਾਂ ਸਾਇੰਸ ਵਿੱਚ ਪੈਦਾ ਕੀਤੀਆਂ ਖਿਆਲੀ ਸ਼੍ਰੇਣੀਆਂ ਨੂੰ ਖ਼ਤਮ ਕਰਨਾ ਪਵੇਗਾ। ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਡੀਨ ਡਾ. ਅਨਿਲ ਕੁਮਾਰ ਪੂਨੀਆ ਨੇ ਮਾਈਕਰੋਵੇਜ਼ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਪ੍ਰਿੰਸੀਪਲ ਡਾ. ਖ਼ੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਤੇ ਹੋਰਨਾਂ ਦਾ ਸੁਆਗਤ ਕੀਤਾ। ਇਸ ਸਿੰਪੋਜ਼ੀਅਮ ਦੇ ਕੋਆਰਡੀਨੇਟਰ ਡਾ. ਅਸ਼ਵਨੀ ਸ਼ਰਮਾ ਅਤੇ ਕਨਵੀਨਰ ਡਾ. ਕੁਲਦੀਪ ਕੁਮਾਰ ਨੇ ਦੱਸਿਆ ਕਿ ਇਸ ਸੈਮੀਨਾਰ ਦੌਰਾਨ ਤਕਰੀਬਨ 250 ਅਬਸਟਰੈਕਟ ਪ੍ਰਾਪਤ ਹੋਏ ਹਨ। ਇਸ ਸੈਮੀਨਾਰ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਤੋਂ 200 ਤੋਂ ਵੱਧ ਡੈਲੀਗੇਟਸ ਨੇ ਹਿੱਸਾ ਲਿਆ। ਇਸ ਮੌਕੇ ਸੋਵੀਨਰ-ਕਮ-ਅਬਸਟਰੈਕ ਬੁੱਕ ਵੀ ਰਿਲੀਜ਼ ਕੀਤੀ ਗਈ।

ਗੁਰੂ ਜੰਬੇਸ਼ਵਰ ਯੂਨੀਵਰਸਿਟੀ ਤੋਂ ਪ੍ਰੋਫ਼ੈਸਰ ਡਾ. ਨੀਰਜ ਦਿਲਬਾਗੀ, ਸੈਂਟਰਲ ਯੂਨੀਵਰਸਿਟੀ ਆਫ਼ ਹਰਿਆਣਾ ਤੋਂ ਪ੍ਰੋਫ਼ੈਸਰ ਡਾ. ਜੀ.ਕੇ. ਕੋਛੜ ਅਤੇ ਪੰਜਾਬ ਯੂਨੀਵਰਸਿਟੀ ਤੋਂ ਡਾ. ਨਵੀਨ ਗੁਪਤਾ ਨੇ ਇਸ ਸਬੰਧ ਵਿੱਚ ਜਾਣਕਾਰੀ ਭਰਪੂਰ ਭਾਸ਼ਣ ਦਿੱਤੇ। ਵਿਦਾਇਗੀ ਸੈਸ਼ਨ ਵਿੱਚ ਥਾਪਰ ਯੂਨੀਵਰਸਿਟੀ, ਪਟਿਆਲਾ ਦੇ ਡਾ. ਐਮ. ਐਸ. ਰੈਡੀ ਨੇ ਮੁੱਖ ਮਹਿਮਾਨ ਤੇ ਮੋਦੀ ਐਜੂਕੇਸ਼ਨ ਸੁਸਾਇਟੀ ਦੇ ਮੈਂਬਰ ਪ੍ਰੋਫ਼ੈਸਰ ਸੁਰਿੰਦਰ ਲਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਡਾ. ਜਗਦੀਸ਼ ਸਿੰਘ, ਡਾ. ਸੁਰੇਸ਼ ਸ਼ਰਮਾ, ਡਾ. ਅਨੂਪ ਵਰਮਾ ਅਤੇ ਡਾ. ਬਲਵਿੰਦਰ ਸਿੰਘ ਸੂਚ ਨੇ ਤਕਨੀਕੀ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਸਾਬਕਾ ਪ੍ਰਿੰਸੀਪਲ ਪ੍ਰੋਫ਼ੈਸਰ ਓ.ਪੀ. ਧੀਮਾਨ, ਪੰਜਾਬੀ ਯੂਨੀਵਰਸਿਟੀ ਤੋਂ ਡਾ. ਆਰ.ਸੀ. ਗੁਪਤਾ ਤੇ ਪ੍ਰੋਫ਼ੈਸਰ ਨਿਰਮਲ ਸਿੰਘ ਹਾਜ਼ਰ ਸਨ। ਸਨਮਾਨ ਚਿੰਨ੍ਹ ਦੇਣ ਮੌਕੇ ਡਾ. ਭਾਨਵੀ ਵਾਧਵਨ ਤੇ ਪ੍ਰੋਫ਼ੈਸਰ ਟੀਨਾ ਪਾਠਕ ਹਾਜ਼ਰ ਸਨ। ਡਾ. ਸੰਤੋਸ਼ ਬਾਲਾ ਨੇ ਸਾਰਿਆਂ ਦਾ ਧੰਨਵਾਦ ਕੀਤਾ।




ਵਿਦਵਾਨਾਂ ਦੇ ਵਿਚਾਰ ਸੁਣਦੇ ਹੋਏ ਮੰਚ 'ਤੇ ਬਿਰਾਜਮਾਨ ਪ੍ਰਬੰਧਕ ਤੇ ਪਤਵੰਤੇ। -ਫੋਟੋ: ਭਿੰਡਰ

(Daily Charhdikala, Patiala (Sunday, 13 November 2016)

# ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ 'ਬਾਇਓਲਾਜੀਕਲ ਸਾਇੰਸਜ਼ ਵਿਚ ਉੱਭਰਦੇ ਰੁਝਾਨ' ਵਿਸ਼ੇ 'ਤੇ ਨੈਸ਼ਨਲ ਸਿੰਪੋਜ਼ੀਅਮ ਆਯੋਜਿਤ



ਪਟਿਆਲਾ, 12 ਨਵੰਬਰ (ਚ.ਨ.ਸ.): ਅੱਜ ਸਥਾਨਕ ਕਾਲਜ ਵਿਖੇ 'ਬਾਇਓਲਾਜੀਕਲ ਸਾਇੰਸਜ਼ ਵਿਚ ਉੱਭਰਦੇ ਰੁਝਾਨ' ਵਿਸ਼ੇ 'ਤੇ ਦੂਜਾ ਨੈਸ਼ਨਲ ਸਿੰਪੋਜ਼ੀਅਮ ਆਯੋਜਿਤ ਕੀਤਾ ਗਿਆ ਜਿਸ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸੈਂਟਰਲ ਯੂਨੀਵਰਸਿਟੀ, ਲਖਨਊ ਦੇ ਵਾਈਸ ਚਾਂਸਲਰ ਡਾ. ਆਰ. ਸੀ. ਸੋਬਤੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਨੇ ਦੱਸਿਆ ਕਿ ਸਾਡੇ ਸਭਰਗਾਂ ਨੇ ਸਾਨੂੰ ਸਾਇੰਸ ਅਧਾਰਤ ਜੀਵਨ-ਸ਼ੈਲੀ ਬਖਸ਼ੀ ਹੈ ਲੇਕਿਨ ਹੁਣ ਅਸੀਂ ਤੇਜ਼ ਕਦਮਾਂ ਨਾਲ ਸਮਰੂਪਤਾ ਵੱਲ ਵਧ ਰਹੇ ਹਾਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜੇਕਰ ਅਸੀਂ ਕੁਦਰਤ ਦੀ ਸ਼ਕਤੀ ਦੀ ਸਰਵੋਚਤਾ ਨੂੰ ਸਮਝਣਾ ਹੈ ਤਾਂ ਸਾਡੇ ਦੁਆਰਾ ਸਾਇੰਸ ਵਿਚ ਪੈਦਾ ਕੀਤੀਆਂ ਖਿਆਲੀ ਛੋਟੀਆਂ ਨੂੰ ਖਤਮ ਕਰਨਾ ਪਏਗਾ। ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਡੀਨ ਡਾ. ਅਨਿਲ ਕੁਮਾਰ ਪੂਨੀਆ ਨੇ ਮਾਈਕਰੋਬਜ਼ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜੀਵ ਚੰਗੀ ਘੱਟੇ ਕੰਮ ਕਰਦੇ ਹਨ ਅਤੇ ਹੁਣ ਅਸੀਂ ਇਹਨਾਂ ਨੂੰ ਆਪਣੇ ਭੋਜਨ ਵਿਚ ਇਸ ਤਰੀਕੇ ਨਾਲ ਮਿਲਾ ਰਹੇ ਹਾਂ ਤਾਂ ਕਿ ਅਸੀਂ ਸ਼ੂਗਰ ਅਤੇ ਮੋਟਾਪਾ ਜਿਹੀ ਨਾਮੁਰਾਦ ਬਿਮਾਰੀ ਨੂੰ ਠੱਲ ਪਾ ਸਕੀਏ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਕੁੰਜੀਵਤ ਬੁਲਾਰੇ ਅਤੇ ਹੋਰ ਪਹੁੰਚੇ ਮਹਿਮਾਨਾਂ ਦਾ ਸੁਆਗਤ ਕੀਤਾ। ਉਹਨਾਂ ਨੇ ਇਹ ਉਮੀਦ ਜ਼ਾਹਿਰ ਕੀਤੀ ਕਿ ਬਾਇਓਲਾਜੀਕਲ ਸਾਇੰਸ ਦੇ ਇਸ ਯੁਗ ਵਿਚ, ਉੱਚਕੋਟੀ ਦੇ ਸਾਇੰਸਦਾਨਾਂ ਦੀ ਹੋਈ ਇਸ ਇਕੱਤਰਤਾ ਰਾਹੀਂ ਅਜਿਹੇ ਪੇਚੀਦਾ ਮਸਲਿਆਂ ਦੇ ਸੰਭਾਵੀ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ ਜਿਨ੍ਹਾਂ ਨਾਲ ਮਨੁੱਖ ਮੌਜੂਦਾ ਸਮੇਂ ਵਿਚ ਜੂਝ ਰਿਹਾ ਹੈ। ਇਸ ਸਿੰਪੋਜ਼ੀਅਮ ਦੇ ਕੋਆਰਡੀਨੇਟਰ ਡਾ. ਅਸ਼ਵਨੀ ਸ਼ਰਮਾ ਅਤੇ ਕਨਵੀਨਰ ਡਾ. ਕੁਲਦੀਪ ਕੁਮਾਰ ਨੇ ਮੰਚ ਸੰਚਾਲਨ ਦਾ ਕੰਮ ਬਾਖੂਬੀ ਨਿਭਾਇਆ ਅਤੇ ਇਹ ਵੀ ਦੱਸਿਆ ਕਿ ਇਸ ਸਿੰਪੋਜ਼ੀਅਮ ਦੌਰਾਨ ਤਕਰੀਬਨ 250 ਐਬਸਟਰੈਕਟ ਪ੍ਰਾਪਤ ਹੋਏ ਹਨ। ਇਸ ਸਿੰਪੋਜ਼ੀਅਮ ਵਿਚ ਦੇਸ਼ ਦੇ ਵੱਖ ਵੱਖ ਭਾਗਾਂ ਤੋਂ 200 ਤੋਂ ਜ਼ਿਆਦਾ ਡੈਲੀਗੇਟਸ ਨੇ ਭਾਗ ਲਿਆ। ਇਸ ਮੌਕੇ ਸੋਵੀਨਰ-ਕਮ-ਐਬਸਟਰੈਕਟ ਬੁੱਕ ਵੀ ਰਿਲੀਜ਼ ਕੀਤੀ ਗਈ। ਤਿੰਨ ਉੱਚਕੋਟੀ ਦੇ ਵਿਗਿਆਨੀ, ਗੁਰੂ ਜੰਭੇਸ਼ਵਰ ਯੂਨੀਵਰਸਿਟੀ ਤੋਂ ਪ੍ਰੋਫੈਸਰ ਡਾ. ਨੀਰਜ ਦਿਲਬਾਗੀ, ਸੈਂਟਰਲ ਯੂਨੀਵਰਸਿਟੀ ਆਫ ਹਰਿਆਣਾ ਤੋਂ ਪ੍ਰੋਫੈਸਰ ਡਾ. ਜੀ.ਕੇ. ਕੋਚਰ ਅਤੇ ਪੰਜਾਬ ਯੂਨੀਵਰਸਿਟੀ ਤੋਂ ਡਾ. ਨਵੀਨ ਗੁਪਤਾ ਨੇ ਇਸ ਸੰਬੰਧ ਵਿਚ ਜਾਣਕਾਰੀ ਭਰਪੂਰ ਭਾਸ਼ਣ ਦਿੱਤੇ। ਸਿੰਪੋਜ਼ੀਅਮ ਦੇ ਵਿਦਾਇਗੀ ਸੈਸ਼ਨ ਵਿਚ ਥਾਪਰ ਯੂਨੀਵਰਸਿਟੀ, ਪਟਿਆਲਾ ਦੇ ਡਾ. ਐਮ.ਐਸ. ਰੈਡੀ ਨੇ ਮੁੱਖ ਮਹਿਮਾਨ ਅਤੇ ਮੋਦੀ ਐਜੂਕੇਸ਼ਨ ਸੋਸਾਇਟੀ ਦੇ ਮੈਂਬਰ ਪ੍ਰੋਫੈਸਰ ਸੁਰਿੰਦਰ ਲਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਡਾ. ਜਗਦੀਸ਼ ਸਿੰਘ, ਡਾ. ਸੁਰੇਸ਼ ਸ਼ਰਮਾ ਡਾ. ਅਨੂਪ ਵਰਮਾ ਅਤੇ ਡਾ. ਬਲਵਿੰਦਰ ਸਿੰਘ ਸੂਚ ਨੇ ਤਕਨੀਕੀ ਸੈਸ਼ਨਜ਼ ਦੀ ਪ੍ਰਧਾਨਗੀ ਕੀਤੀ। ਪ੍ਰੋਫੈਸਰ ਨੀਲਮ ਵਰਮਾ, ਪ੍ਰੋਫੈਸਰ ਅਰੁਨਾ ਭਾਟੀਆ ਅਤੇ ਡਾ. ਅਨਿਲ ਕੁਮਾਰ ਸ਼ਰਮਾ ਪੋਸਟਰ ਪੇਸ਼ਕਾਰੀਆਂ ਦੇ ਜੱਜ ਸਨ। ਇਸ ਮੌਕੇ ਸਾਬਕਾ ਪ੍ਰਿੰਸੀਪਲ ਪ੍ਰੋਫੈਸਰ ਓ.ਪੀ. ਧੀਮਾਨ, ਪੰਜਾਬੀ ਯੂਨੀਵਰਸਿਟੀ ਤੋਂ ਡਾ. ਆਰ.ਸੀ. ਗੁਪਤਾ ਅਤੇ ਪ੍ਰੋਫੈਸਰ ਨਿਰਮਲ ਸਿੰਘ ਵੀ ਮੌਜੂਦ ਸਨ। ਸਨਮਾਨ ਚਿੰਨ੍ਹ ਪ੍ਰਦਾਨ ਕਰਨ ਦੀ ਰਸਮ ਵੇਲੇ ਡਾ. ਜਾਨਵੀ ਵਾਧਵਨ ਅਤੇ ਪ੍ਰੋਫੈਸਰ ਟੀਨਾ ਪਾਠਕ ਵੀ ਸ਼ਾਮਲ ਸਨ। ਡਾ. ਸੰਤੋਸ਼ ਬਾਲਾ ਨੇ ਧੰਨਵਾਦੀ ਸ਼ਬਦ ਬੋਲਣ ਦੀ ਜ਼ਿੰਮੇਵਾਰੀ ਨਿਭਾਈ।

# COLLEGE WON OVERALL INTERCOLLEGE CHAMPION

2 | htpatiala

patiala

# Punjabi University honours its players with cash awards

**RECOGNISING CONTRIBUTION** Archery player Trisha Dev felicitated with a cash prize of ₹3.24 lakh; V-C promises all possible help to budding players

HT Correspondent
patiala@hindustantimes.com

**PATIALA:** To motivate the budding players, Punjabi University on Friday honoured its national and international players with cash awards and trophies.

Archery player Trisha Dev was felicitated with a cash prize of ₹3.24 lakh. Shooter coach Sawaranjit Kaur was given a cash prize ₹21,000 for her contribution. Mohinder Singh Dhillon, Jagroop Singh, Anup Gurbax Singh, Sucha Singh were honoured with lifetime achievement awards.

The university's athletics team coaches Jasbir Singh and Harbhajan Singh Sandhu were awarded a cash prize of ₹25,000 each for the team's excellent performance in several national and international competitions.

The National college of Physical Education was given overall trophy for their best performance as the college had maximum players that helped varsity to clinch Maulana Abul Kalam Azad (MAKA) Trophy.

Patiala's Modi College was felicitated for overall best performance in the university's inter-college competitions.



Vice-chancellor Dr Jaspal Singh presenting the overall inter-college championship trophy to MM College principal Khushvinder Kumar in Patiala on Friday. BHARAT BHUSHAN/HT

Prizes worth ₹1.70 crore were distributed to motivate players and coaches to keep the university ahead of others in sports.

Vice-chancellor Dr Jaspal Singh was chief guest at the felicitation ceremony attended by sports director Gurdeep Kaur Randhawa and other officials of the varsity's sports department.

The V-C said that the university would give all possible support to its players so that they can make us proud.

He said that it was a proud moment when President of India presented MAKA trophy to the varsity recently. The university has so far won this trophy for nine times, he said.

**MODI COLLEGE FELICITATED FOR ITS OVERALL BEST PERFORMANCE IN THE UNIVERSITY'S INTER-COLLEGE COMPETITIONS**

पटियाला केसरी

रविवार SUNDAY 27 नवम्बर 2016

# मुल्तानी मल मोदी कालेज अंतर कालेज मुकाबलों में ओवरआल चैम्पियन घोषित



*ट्राफी मिलने के बाद विद्यार्थियों के साथ यादगारी तस्वीर खिंचवाते हुए कालेज के प्रबंधक।* (सुंदर)

पटियाला, 26 नवम्बर (जोसन) : मुल्तानी मल मोदी कालेज को पंजाबी यूनिवर्सिटी द्वारा 2014-15 में करवाए गए अंतर कालेज मुकाबलों में से ओवरआल चैम्पियन घोषित किया गया। प्रिंसीपल डा. खुशविन्द्र कुमार ने खिलाड़ियों की प्राप्तियों के लिए उनकी प्रशंसा की। उन्होंने बताया कि कालेज में विद्यार्थियों की अकादमिक और आर्थिक सहायता के लिए एक खास सहयोग प्रणाली स्थापित की गई है।

डा. गुरदीप सिंह डीन स्पोर्ट्स ने बताया कि कालेज ने इस वर्ष 51 में से 41 चैम्पियनशिप में हिस्सा लिया। कालेज के 28 खिलाड़ियों को पंजाबी यूनिवर्सिटी द्वारा 12 लाख रुपए से अधिक के नकद ईनाम दिए गए हैं। पंजाबी यूनिवर्सिटी के उप-कुलपति डा. जसपाल सिह ने मोदी कालेज के सहयोग को मान्यता देते हुए कालेज के प्रिंसीपल डा. खुशविन्द्र कुमार को एक बड़ी ईनामी राशि का चैक प्रदान किया। स्पोर्ट्स विभाग के मुखी प्रो. निशान सिंह, प्रो. हरनीत सिंह और प्रो. मनदीप कौर ने कालेज के खिलाड़ियों की उपलब्धियों की प्रशंसा की। इस मौके पर प्रो. निर्मल सिंह, प्रो. पूनम मल्होत्रा, प्रो. शरवन कुमार और प्रो. वेद प्रकाश शर्मा भी मौजूद थे।

CHANDIGARH Tribune

CHANDIGARH | SUNDAY | 27 NOVEMBER 2016

# Modi College emerges overall champion

PATIALA, NOVEMBER 26

Multani Mal Modi College, Patiala, was declared overall champion in inter-college competitions of Punjabi University. The college organised a function to felicitate its sportspersons. Principal Dr Khushvinder Kumar praised the students for their performances. As many as 28 students were awarded over Rs 12,00,000 as cash prizes from Punjabi University, Patiala. — TNS

रविवार, 27 नवम्बर 2016 | दैनिक सवेरा टाइम्स

न्यूज गैलरी

## मुल्तानी मल्ल मोदी कालेज अंतर-कालेज मुकाबलों में ओवरआल चैंपियन



विद्यार्थियों के साथ कालेज स्टाफ व अन्य।

पटियाला (बलविन्द्र): आज मुल्तानी मल्ल मोदी कालेज को पंजाबी यूनिवर्सिटी की तरफ से 2014-15 में करवाए गए अंतर-कालेज मुकाबलों में ओवरआल चैंपियन घोषित किया गया। कालेज ने अपनी इस प्राप्ति की खुशी मनाने और अपने खिलाड़ियों को प्रोत्साहन के लिए विशेष प्रोग्राम आयोजित किया। इस मौके प्रिंसीपल डा. खुशविन्दर कुमार ने खिलाड़ियों की प्राप्तियों के लिए उनकी भरपूर प्रंशसा की। डा. गुरदीप सिंह, डीन, स्पोर्ट्स ने बताया कि कालेज ने इस साल 51 में से 41 चैंपियनशिप में भाग लिया। उन्होंने यह भी बताया कि कालेज के 28 खिलाड़ियों को पंजाबी यूनिवर्सिटी की तरफ से 12 लाख रुपए से ज्यादा के नकदी इनाम दिए गए हैं। पंजाबी यूनिवर्सिटी के वाइस चांसलर डा. जसपाल सिंह ने मोदी कालेज के सहयोग को मान्यता देते, कालेज के प्रिंसीपल डा.खुशविन्दर कुमार को एक बड़ी इनाम राशि का चैक प्रदान किया। स्पोर्ट्स विभाग के प्रमुख प्रो. निशान सिंह, प्रो. हरनीत सिंह और प्रो. मनदीप कौर ने कालेज के खिलाड़ियों की उपलब्धियों की प्रशंसा की। इस मौके प्रो. निर्मल सिंह, प्रो. पूनम मल्होत्रा, प्रो. वेदा प्रकाश शर्मा भी मौजूद थे।

ਅਜੀਤ

# ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਮੁਕਾਬਲਿਆਂ ਵਿਚੋਂ ਓਵਰਆਲ ਚੈਂਪੀਅਨ ਘੋਸ਼ਿਤ

ਪਟਿਆਲਾ, 26 ਨਵੰਬਰ (ਗੁਰਪ੍ਰੀਤ ਸਿੰਘ ਚੱਠਾ)-ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 2014-15 ਵਿਚ ਕਰਵਾਏ ਗਏ ਅੰਤਰ-ਕਾਲਜ ਮੁਕਾਬਿਲਆਂ ਵਿਚੋ ਓਵਰਆਲ ਚੈਂਪੀਅਨ ਘੋਸ਼ਿਤ ਕੀਤਾ ਗਿਆ। ਕਾਲਜ ਨੇ ਆਪਣੀ ਇਸ ਪ੍ਰਾਪਤੀ ਦੀ ਖੁਸ਼ੀ ਮਨਾਉਣ ਅਤੇ ਆਪਣੇ ਖਿਡਾਰੀਆਂ ਦੀ ਹੌਸਲਾ ਅਫਜਾਈ ਲਈ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਲਈ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਹ ਵੀ ਦੱਸਿਆ ਕਿ ਕਾਲਜ ਵਿਚ ਵਿਦਿਆਰਥੀਆਂ ਦੀ ਅਕਾਦਮਿਕ ਅਤੇ ਮਾਲੀ ਸਹਾਇਤਾ ਲਈ ਇਕ ਖਾਸ ਸਹਿਯੋਗ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ। ਡਾ. ਗੁਰਦੀਪ ਸਿੰਘ, ਡੀਨ, ਸਪੋਰਟਸ ਨੇ ਦੱਸਿਆ ਕਿ ਕਾਲਜ ਨੇ ਇਸ ਸਾਲ 51 ਵਿਚੋਂ 41 ਚੈਂਪੀਅਨਸ਼ਿਪ ਵਿਚ ਭਾਗ ਲਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਾਲਜ ਦੇ 28 ਖਿਡਾਰੀਆਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 12 ਲੱਖ ਰੁਪਏ ਤੋਂ ਜ਼ਿਆਦਾ ਦੇ ਨਕਦੀ ਇਨਾਮ ਦਿੱਤੇ ਗਏ ਹਨ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇਂ ਮੋਦੀ ਕਾਲਜ ਦੇ ਸਹਿਯੋਗ ਨੂੰ ਮਾਣਤਾ ਦਿੰਦਿਆਂ, ਕਾਲਜ ਦੇ ਪ੍ਰਿੰਸੀਪਲ ਡਾ.ਖੁਸ਼ਵਿੰਦਰ ਕੁਮਾਰ ਨੂੰ ਇੱਕ ਵੱਡੀ ਇਨਾਮ ਰਾਸ਼ੀ ਦਾ ਚੈੱਕ ਪ੍ਰਦਾਨ ਕੀਤਾ। ਸਪੋਰਟਸ ਵਿਭਾਗ ਦੇ ਮੁਖੀ ਪ੍ਰੋ. ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਪ੍ਰੋ. ਮਨਦੀਪ ਕੌਰ ਨੇ ਕਾਲਜ ਦੇ ਖਿਡਾਰੀਆਂ ਦੀਆਂ ਉਪਲੱਬਦੀਆਂ ਦੀ ਪ੍ਰਸੰਸਾ ਕੀਤੀ ਅਤੇ ਕਾਲਜ ਦੇ ਸਮੂਹ ਸਟਾਫ਼ ਦੇ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਨਿਰਮਲ ਸਿੰਘ, ਪ੍ਰੋ. (ਮਿਸਿਜ਼) ਪੂਨਮ ਮਲਹੋਤਰਾ, ਪ੍ਰੋ. ਸ਼ਰਵਨ ਕੁਮਾਰ ਅਤੇ ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਵੀ ਮੌਜੂਦ ਸਨ।

/पटियाला, 27 नवंबर 2016 दैनिक जागरण

# मोदी कॉलेज बना मुकाबलों का चैंपियन

जासं, पटियाला : मुलतानीमल मोदी कॉलेज को पंजाबी विश्वविद्यालय की ओर से अंतर कॉलेज मुकाबलों में उल्लेखनीय प्रदर्शन करने पर ओवरऑल ट्रॉफी प्रदान की गई। ट्राफी हासिल करने पर कॉलेज प्रिंसिपल डॉ. खुशविंदर कुमार ने खुशी का इजहार किया। कॉलेज के डीन स्पोर्टस डॉ. गुरदीप सिंह ने बताया कि कॉलेज के खिलाड़ियों ने 51 मुकाबलों में से 41 मुकाबलों में हिस्सा लिया था। पंजाबी विवि में आयोजित पुरस्कार वितरण समागम में मोदी कॉलेज के खिलाड़ियों को 12 लाख रुपये से अधिक की राशि प्रदान की गई। इसके अलावा ट्रॉफी के साथ भी पुरस्कार राशि प्रदान की गई। प्रिंसिपल डॉ. कुमार ने कहा कि कॉलेज के खिलाड़ियों की इस उपलब्धि के चलते कॉलेज का नाम रोशन हुआ है। कॉलेज में आयोजित एक समागम के दौरान खिलाड़ियों ने खुशी मनाई। इस मौके पर खेल विभाग के प्रमुख प्रो. निशान सिंह, प्रो. हरनीत सिंह, प्रो. मंदीप कौर, प्रो. निर्मल सिंह, प्रो. पूनम मल्होत्रा, प्रो. स्वर्ण कुमार व प्रो. वेद प्रकाश शर्मा मौजूद रहे।



मुलतानीमल मोदी कॉलेज के प्रिंसिपल डॉ. खुशविंदर कुमार के साथ विजेता खिलाड़ी अपनी ट्रॉफी संग। जागरण

ਪੰਜਾਬੀ ਜਾਗਰਣ

ਜਲੰਧਰ 27 ਨਵੰਬਰ, 2016
www.punjabijagran.com

# ਮੋਦੀ ਕਾਲਜ ਓਵਰਆਲ ਚੈਂਪੀਅਨ

**ਕਾਲਜ ਦੇ 28 ਖਿਡਾਰੀਆਂ ਨੇ ਪੀਯੂ ਵੱਲੋਂ 12 ਲੱਖ ਰੁਪਏ ਤੋਂ ਜ਼ਿਆਦਾ ਦੇ ਨਕਦ ਇਨਾਮ ਜਿੱਤੇ**



ਓਵਰਆਲ ਟਰਾਫੀ ਜਿੱਤਣ ਤੋਂ ਬਾਅਦ ਅਧਿਆਪਕਾਂ ਨਾਲ ਖੁਸ਼ੀ ਜਾਹਿਰ ਕਰਦੇ ਸਟਾਫ ਮੈਂਬਰ।

**ਸਟਾਫ ਰਿਪੋਰਟਰ, ਪਟਿਆਲਾ** : ਅੱਜ ਮੁਲਤਾਨੀ ਮੱਲ ਮੋਦੀ ਕਾਲਜ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 2014-15 ਵਿਚ ਕਰਵਾਏ ਗਏ ਅੰਤਰ-ਕਾਲਜ ਮੁਕਾਬਿਲਆਂ 'ਚੋਂ ਓਵਰਆਲ ਚੈਂਪੀਅਨ ਐਲਾਨਿਆਂ ਗਿਆ। ਕਾਲਜ ਨੇ ਆਪਣੀ ਇਸ ਪ੍ਰਾਪਤੀ ਦੀ ਖੁਸ਼ੀ ਮਨਾਉਣ ਅਤੇ ਆਪਣੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ।

ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਲਈ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਹ ਵੀ ਦੱਸਿਆ ਕਾਲਜ ਵਿਚ ਵਿਦਿਆਰਥੀਆਂ ਦੀ ਅਕਾਦਮਿਕ ਅਤੇ ਮਾਲੀ ਸਹਾਇਤਾ ਲਈ ਇਕ ਖਾਸ ਸਹਿਯੋਗ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ। ਡਾ. ਗੁਰਦੀਪ ਸਿੰਘ, ਡੀਨ, ਸਪੋਰਟਸ ਨੇ ਦੱਸਿਆ ਕਿ ਕਾਲਜ ਨੇ ਇਸ ਸਾਲ 51 'ਚੋਂ 41 ਚੈਂਪੀਅਨਸ਼ਿਪ ਵਿਚ ਭਾਗ ਲਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਾਲਜ ਦੇ 28 ਖਿਡਾਰੀਆਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 12 ਲੱਖ ਰੁਪਏ ਤੋਂ ਜ਼ਿਆਦਾ ਦੇ ਨਕਦੀ ਇਨਾਮ ਦਿੱਤੇ ਗਏ ਹਨ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਮੋਦੀ ਕਾਲਜ ਦੇ ਸਹਿਯੋਗ ਨੂੰ ਮਾਣਤਾ ਦਿੰਦਿਆਂ, ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੂੰ ਇੱਕ ਵੱਡੀ ਇਨਾਮ ਰਾਸ਼ੀ ਦਾ ਚੈੱਕ ਪ੍ਰਦਾਨ ਕੀਤਾ।ਸਪੋਰਟਸ ਵਿਭਾਗ ਦੇ ਮੁਖੀ ਪ੍ਰੋ. ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਪ੍ਰੋ. ਮਨਦੀਪ ਕੌਰ ਨੇ ਕਾਲਜ ਦੇ ਖਿਡਾਰੀਆਂ ਦੀਆਂ ਉਪਲੱਭਦੀਆਂ ਦੀ ਪ੍ਰਸਿਸਾ ਕੀਤੀ ਅਤੇ ਕਾਲਜ ਦੇ ਸਮੂਹ ਸਟਾਫ਼ ਦੇ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਨਿਰਮਲ ਸਿੰਘ, ਪ੍ਰੋ. (ਮਿਸਿਜ਼) ਪੂਨਮ ਮਲਹੋਤਰਾ, ਪ੍ਰੋ. ਸ਼ਰਵਨ ਕੁਮਾਰ ਅਤੇ ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਵੀ ਮੌਜੂਦ ਸਨ।

दैनिक भास्कर

# अंतर मुकाबले में मोदी कॉलेज बना ओवरऑल चैंपियन



पटियाला | मोदी कॉलेज को पंजाबी यूनिवर्सिटी ने 2014-15 में करवाए अंतर कॉलेज मुकाबलों में ओवरऑल चैंपियन बना। कॉलेज प्रिंसिपल डॉ. खुशविंदर कुमार ने विजेता स्टूडेंट्स को बधाई दी। डीन स्पोर्ट्स डॉ. गुरदीप सिंह ने कहा कि कॉलेज के 28 खिलाड़ियों को पंजाबी यूनिवर्सिटी ने 12 लाख रुपए से ज्यादा का नकद ईनाम दिया है। उन्होंने कहा कि कॉलेज ने इस साल 51 में से 41 चैंपियनशिप में भाग लिया। इस मौके पर प्रो. निशान सिंह, प्रो. हरनीत सिंह मौजूद थे।

**Daily Charhdikala, Patiala (Sunday, 27 November 2016)**

# ਮੁਲਤਾਨੀ ਮੱਲ ਮੋਦੀ ਕਾਲਜ ਨੂੰ ਓਵਰਆਲ ਚੈਂਪੀਅਨ ਘੋਸ਼ਿਤ ਕੀਤਾ



ਪਟਿਆਲਾ, 26 ਨਵੰਬਰ (ਚ.ਨ.ਸ.): ਅੱਜ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 2014-15 ਵਿਚ ਕਰਵਾਏ ਗਏ ਅੰਤਰ-ਕਾਲਜ ਮੁਕਾਬਿਲਆਂ ਵਿਚੋਂ ਓਵਰਆਲ ਚੈਂਪੀਅਨ ਘੋਸ਼ਿਤ ਕੀਤਾ ਗਿਆ। ਕਾਲਜ ਨੇ ਆਪਣੀ ਇਸ ਪ੍ਰਾਪਤੀ ਦੀ ਖੁਸ਼ੀ ਮਨਾਉਣ ਅਤੇ ਆਪਣੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਲਈ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਹ ਵੀ ਦੱਸਿਆ ਕਾਲਜ ਵਿਚ ਵਿਦਿਆਰਥੀਆਂ ਦੀ ਅਕਾਦਮਿਕ ਅਤੇ ਮਾਲੀ ਸਹਾਇਤਾ ਲਈ ਇਕ ਖਾਸ ਸਹਿਯੋਗ ਪ੍ਰਣਾਲੀ ਸਥਾਪਤ ਕੀਤੀ ਗਈ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਖਿਡਾਰੀਆਂ ਦੀ ਯੋਗਤਾ ਨੂੰ ਉਚੇਰਾ ਕਰਨ ਲਈ ਇਸ ਪ੍ਰਣਾਲੀ ਨੂੰ ਆਉਣ ਵਾਲੇ ਸਮੇਂ ਵਿਚ ਹੋਰ ਮਜ਼ਬੂਤ ਕੀਤਾ ਜਾਵੇਗਾ। ਡਾ. ਗੁਰਦੀਪ ਸਿੰਘ, ਡੀਨ, ਸਪੋਰਟਸ ਨੇ ਦੱਸਿਆ ਕਿ ਕਾਲਜ ਨੇ ਇਸ ਸਾਲ 51 ਵਿਚੋਂ 41 ਚੈਂਪੀਅਨਸ਼ਿਪ ਵਿਚ ਭਾਗ ਲਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਾਲਜ ਦੇ 28 ਖਿਡਾਰੀਆਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 12 ਲੱਖ ਰੁਪਏ ਤੋਂ ਜ਼ਿਆਦਾ ਦੇ ਨਕਦੀ ਇਨਾਮ ਦਿੱਤੇ ਗਏ ਹਨ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਮੋਦੀ ਕਾਲਜ ਦੇ ਸਹਿਯੋਗ ਨੂੰ ਮਾਣਤਾ ਦਿੰਦਿਆਂ, ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੂੰ ਇੱਕ ਵੱਡੀ ਇਨਾਮ ਰਾਸ਼ੀ ਦਾ ਚੈੱਕ ਪ੍ਰਦਾਨ ਕੀਤਾ। ਸਪੋਰਟਸ ਵਿਭਾਗ ਦੇ ਮੁਖੀ ਪ੍ਰੋ. ਨਿਸ਼ਾਨ ਸਿੰਘ, ਪ੍ਰੋ. ਹਰਨੀਤ ਸਿੰਘ ਅਤੇ ਪ੍ਰੋ. ਮਨਦੀਪ ਕੌਰ ਨੇ ਕਾਲਜ ਦੇ ਖਿਡਾਰੀਆਂ ਦੀਆਂ ਉਪਲੱਬਦੀਆਂ ਦੀ ਪ੍ਰਸ਼ਸਾ ਕੀਤੀ ਅਤੇ ਕਾਲਜ ਦੇ ਸਮੂਹ ਸਟਾਫ਼ ਦੇ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਨਿਰਮਲ ਸਿੰਘ, ਪ੍ਰੋ. (ਮਿਸਿਜ਼) ਪੂਨਮ ਮਲਹੋਤਰਾ, ਪ੍ਰੋ. ਸ਼ਰਵਨ ਕੁਮਾਰ ਅਤੇ ਪ੍ਰੋ. ਵੇਦ ਪ੍ਰਕਾਸ਼ ਸ਼ਰਮਾ ਵੀ ਮੌਜਦ ਸਨ।